# Racist and Religious Crime -

## CPS Prosecution Policy

Punjabi

# ਨਸਲੀ ਅਤੇ ਧਾਰਮਿਕ ਜੁਰਮ –
# ਸੀ.ਪੀ.ਐਸ. ਦੀ ਮੁਕੱਦਮਾ ਚਲਾਉਣ ਦੀ ਨੀਤੀ

# ਵਿਸ਼ਾ-ਸੂਚੀ


| | | |
|---|---|---|
| 1. | ਜਾਣ-ਪਛਾਣ | 3 |
| 2. | ਨਸਲੀ ਜਾਂ ਧਾਰਮਿਕ ਜੁਰਮ ਤੋਂ ਸਾਡਾ ਕੀ ਭਾਵ ਹੈ | 7 |
| 3. | ਅਪਰਾਧਾਂ ਦੀਆਂ ਕਿਸਮਾਂ | 11 |
| 4. | ਸੀ.ਪੀ.ਐਸ. ਦੀ ਭੂਮਿਕਾ | 19 |
| 5. | ਕ੍ਰਾਊਨ ਪ੍ਰੋਸੀਕਿਊਟਰਾਂ ਲਈ ਨਿਯਮਾਵਲੀ | 21 |
| 6. | ਇਹ ਫ਼ੈਸਲਾ ਕਰਨਾ ਕਿ ਕਿਹੜੇ ਦੋਸ਼ਾਂ 'ਤੇ ਮੁਕੱਦਮਾ ਚਲਾਇਆ ਜਾਵੇ | 25 |
| 7. | ਜ਼ਮਾਨਤ | 27 |
| 8. | ਇਹ ਫ਼ੈਸਲਾ ਕਰਨਾ ਕਿ ਕੇਸ ਨੂੰ ਸਾਬਤ ਕਰਨ ਲਈ ਕਿਹੜਾ ਸਬੂਤ ਲੋੜੀਂਦਾ ਹੈ | 29 |
| 9. | ਸ਼ਿਕਾਰ ਹੋਏ ਵਿਅਕਤੀਆਂ ਅਤੇ ਗਵਾਹਾਂ ਦੀ ਸਬੂਤ ਦੇਣ ਵਿੱਚ ਮਦਦ ਕਰਨੀ | 35 |
| 10. | ਮੁਜਰਮ ਦੀ ਅਪਰਾਧ ਮੰਨ ਲੈਣ ਦੀ ਬੇਨਤੀ ਨੂੰ ਸਵੀਕਾਰ ਕਰਨਾ | 43 |
| 11. | ਸਜ਼ਾ ਦੇਣੀ | 45 |
| 12. | ਸ਼ਿਕਾਰ ਹੋਏ ਵਿਅਕਤੀ ਨੂੰ ਸੂਚਿਤ ਰੱਖਣਾ | 49 |
| 13. | ਨਸਲੀ ਅਤੇ ਧਾਰਮਿਕ ਜੁਰਮ ਦੀ ਨਿਗਰਾਨੀ ਕਰਨਾ | 51 |

14. **ਸਮੁਦਾਇਕ ਰੁਝੇਵੇਂ** 53

15. **ਸ਼ਿਕਾਇਤਾਂ** 55

16. **ਨਿਚੋੜ** 57

**ਅੰਤਿਕਾ** A

ਨਸਲੀ ਅਤੇ ਧਾਰਮਿਕ ਜੁਰਮ 'ਤੇ ਮੁਕੱਦਮੇ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਕਾਨੂੰਨ 58

**ਅੰਤਿਕਾ** B

ਪੁਲਿਸ, ਸੀ.ਪੀ.ਐਸ. ਅਤੇ ਅਦਾਲਤਾਂ ਦੀਆਂ ਭੂਮਿਕਾਵਾਂ 64

**ਅੰਤਿਕਾ C**

ਜ਼ਮਾਨਤ 65

ਨਸਲੀ ਜਾਂ ਧਾਰਮਿਕ ਜੁਰਮ ਨੂੰ ਭੁਗਤ ਰਹੇ ਲੋਕਾਂ ਲਈ ਉਪਯੋਗੀ ਜਾਣਕਾਰੀ ਅਤੇ ਸੰਪਰਕ 68

# 1 ਜਾਣ-ਪਛਾਣ

ਇਹ ਨੀਤੀ ਬਿਆਨ ਉਸ ਤਰੀਕੇ ਦੀ ਵਿਆਖਿਆ ਕਰਦਾ ਹੈ ਜਿਸ ਰਾਹੀਂ ਅਸੀਂ, ਕ੍ਰਾਊਨ ਪ੍ਰੌਸੀਕਿਊਸ਼ਨ ਸਰਵਿਸ (ਸੀ.ਪੀ.ਐਸ.), ਨਸਲੀ ਅਤੇ ਧਾਰਮਿਕ ਜੁਰਮਾਂ ਦੇ ਕੇਸਾਂ ਨਾਲ ਨਜਿੱਠਦੇ ਹਾਂ। ਇਹ ਦੂਸਰਾ ਸੰਸਕਰਣ ਹੈ ਅਤੇ ਜੁਲਾਈ 2003 ਵਿੱਚ ਪਹਿਲੇ ਸੰਸਕਰਣ ਦੇ ਪ੍ਰਕਾਸ਼ਨ ਤੋਂ ਬਾਅਦ ਕਾਨੂੰਨ ਅਤੇ ਸੀ.ਪੀ.ਐਸ. ਪ੍ਰਕਿਰਿਆਵਾਂ ਵਿੱਚ ਹੋਈਆਂ ਤਬਦੀਲੀਆਂ ਨੂੰ ਪ੍ਰਤੀਬਿੰਬਤ ਕਰਦਾ ਹੈ।

ਅਸੀਂ ਇਹ ਬਿਆਨ ਪ੍ਰਕਾਸ਼ਿਤ ਕਰ ਰਹੇ ਹਾਂ ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਸ਼ਿਕਾਰ ਹੋਏ ਲੋਕਾਂ, ਗਵਾਹਾਂ ਅਤੇ ਉਹਨਾਂ ਦੇ ਪਰਿਵਾਰਾਂ, ਅਤੇ ਨਾਲ ਹੀ ਆਮ ਜਨਤਾ ਨੂੰ ਇਸ ਗੱਲ ਦਾ ਭਰੋਸਾ ਰਹੇ ਕਿ ਸੀ.ਪੀ.ਐਸ. ਇਸ ਕਿਸਮ ਦੇ ਜੁਰਮਾਂ ਦੀ ਗੰਭੀਰ ਪ੍ਰਕਿਰਤੀ ਅਤੇ ਨਾ ਸਿਰਫ਼ ਵਿਅਕਤੀਆਂ ਅਤੇ ਉਹਨਾਂ ਦੇ ਪਰਿਵਾਰਾਂ, ਬਲਕਿ ਸਮੁੱਚੇ ਰੂਪ ਵਿੱਚ ਸਮੁਦਾਇਆਂ ਅਤੇ ਸਮਾਜ 'ਤੇ ਵੀ ਪੈ ਸਕਣ ਵਾਲੇ ਇਸ ਦੇ ਅਸਲ ਅਤੇ ਲੰਬੇ ਸਮੇਂ ਤਕ ਦੇ ਅਸਰ ਨੂੰ ਸਮਝਦੀ ਹੈ। ਅਸੀਂ ਚਾਹੁੰਦੇ ਹਾਂ ਕਿ ਲੋਕਾਂ ਨੂੰ ਇਹ ਪਤਾ ਲੱਗੇ ਕਿ ਜਦੋਂ ਅਸੀਂ ਨਸਲੀ ਜਾਂ ਧਾਰਮਿਕ ਜੁਰਮ ਦੀ ਮੁਕੱਦਮਾ ਚਲਾਉਂਦੇ ਹਾਂ ਤਾਂ ਉਹ ਸਾਡੇ ਤੋਂ ਕਿਸ ਚੀਜ਼ ਦੀ ਆਸ ਕਰ ਸਕਦੇ ਹਨ ਅਤੇ ਆਸ ਕਰਦੇ ਹਾਂ ਕਿ ਇਸ ਨਾਲ ਫੌਜਦਾਰੀ ਨਿਆਂਇਕ ਪ੍ਰਣਾਲੀ ਵਿੱਚ ਉਹਨਾਂ ਦਾ ਭਰੋਸਾ ਵਧਾਉਣ ਵਿੱਚ ਮਦਦ ਮਿਲੇਗੀ।

ਇਸ ਦੂਸਰੇ ਸੰਸਕਰਣ ਨੂੰ ਤਿਆਰ ਕਰਦਿਆਂ, ਅਸੀਂ ਕਾਲੇ ਅਤੇ ਘੱਟ ਗਿਣਤੀ ਮੂਲ ਦੇ ਸਮੁਦਾਇਆਂ ਅਤੇ ਧਾਰਮਿਕ ਸਮੁਦਾਇਆਂ ਨਾਲ ਵਿਚਾਰ-ਵਟਾਂਦਰਾ ਕੀਤਾ ਹੈ ਅਤੇ ਇਸ ਦਸਤਾਵੇਜ਼ ਨੂੰ ਲਿਖਦੇ ਸਮੇਂ ਉਹਨਾਂ ਦੀਆਂ ਟਿੱਪਣੀਆਂ ਨੂੰ ਧਿਆਨ ਵਿੱਚ ਰੱਖਿਆ ਹੈ। ਉਹਨਾਂ ਦੇ ਯੋਗਦਾਨ ਨੇ ਉਹਨਾਂ ਗੱਲਾਂ ਨੂੰ ਬਿਹਤਰ ਢੰਗ ਨਾਲ ਸਮਝਣ ਵਿੱਚ ਸਾਡੀ ਮਦਦ ਕੀਤੀ ਹੈ ਜੋ ਉਹਨਾਂ ਲਈ ਅਹਿਮ ਹਨ ਅਤੇ ਨਸਲੀ ਅਤੇ ਧਾਰਮਿਕ ਜੁਰਮਾਂ ਨਾਲ ਨਜਿੱਠਦੇ ਸਮੇਂ ਜਿਹਨਾਂ ਬਾਰੇ ਸਾਨੂੰ ਪਤਾ ਹੋਣਾ ਚਾਹੀਦਾ ਹੈ।

ਨਸਲੀ ਅਤੇ ਧਾਰਮਿਕ ਜੁਰਮ ਖਾਸ ਤੌਰ 'ਤੇ ਸ਼ਿਕਾਰ ਹੋਏ ਲੋਕਾਂ ਲਈ ਠੇਸ ਪਹੁੰਚਾਉਣ ਵਾਲਾ ਹੁੰਦਾ ਹੈ ਕਿਉਂਕਿ ਉਹਨਾਂ ਨੂੰ ਸਿਰਫ਼ ਉਹਨਾਂ ਦੀ ਵਿਅਕਤੀਗਤ ਸ਼ਨਾਖ਼ਤ, ਉਹਨਾਂ ਦੀ ਅਸਲ ਜਾਂ ਸਮਝੀ ਗਈ ਨਸਲੀ ਜਾਂ ਮੂਲ ਉਤਪਤੀ, ਆਸਥਾਵਾਂ ਜਾਂ ਧਰਮ ਕਾਰਨ ਨਿਸ਼ਾਨਾ ਬਣਾਇਆ ਜਾਂਦਾ ਹੈ। ਕਾਲੇ ਅਤੇ ਘੱਟ ਗਿਣਤੀ ਮੂਲ ਦੇ ਲੋਕਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਸਕਦਾ ਹੈ ਕਿਉਂਕਿ ਉਹ ਹੋਰਨਾਂ ਘੱਟ ਗਿਣਤੀ ਸਮੂਹਾਂ ਨਾਲ ਸੰਬੰਧਤ ਹੁੰਦੇ ਹਨ ਅਤੇ ਉਹਨਾਂ ਨੂੰ ਕਈ ਤਰ੍ਹਾਂ ਦੀ ਵਿਤਕਰੇਬਾਜ਼ੀ ਸਹਿਣ ਕਰਨੀ ਪੈ ਸਕਦੀ ਹੈ।

ਇਹ ਜੁਰਮ ਰੈਸਟੋਰੈਂਟਾਂ, ਭੋਜਨ ਲਿਜਾਉਣ ਵਾਲੀਆਂ ਥਾਵਾਂ, ਨਾਈਟ-ਕਲੱਬਾਂ, ਫੁੱਟਬਾਲ ਮੈਚਾਂ, ਖਰੀਦਦਾਰੀ ਫੇਰੀਆਂ ਉਤੇ ਅਚਾਨਕ ਹੋ ਸਕਦੇ ਹਨ ਜਾਂ ਇਹ ਗੁਆਂਢੀਆਂ, ਗਾਹਕਾਂ,

ਇੰਤਹਾਪਸੰਦ ਸਮੂਹਾਂ, ਜਾਂ ਇੱਥੋਂ ਤਕ ਪਰਿਵਾਰਕ ਮੈਂਬਰਾਂ ਵੱਲੋਂ ਵੀ ਲਗਾਤਾਰ ਪਰੇਸ਼ਾਨ ਕਰਨ ਅਤੇ ਉਹਨਾਂ ਨੂੰ ਇਸ ਦਾ ਸ਼ਿਕਾਰ ਬਣਾਉਣ ਦੀ ਮੁਹਿੰਮ ਦਾ ਹਿੱਸਾ ਹੋ ਸਕਦੇ ਹਨ। ਜੁਰਮ ਕਈ ਵਾਰੀ ਇਹਨਾਂ ਗੱਲਾਂ ਦਾ ਮੇਲ ਹੋ ਸਕਦੇ ਹਨ — ਗੁਆਂਢੀਆਂ ਵੱਲੋਂ ਪਰੇਸ਼ਾਨ ਕਰਨਾ ਜਾਂ ਕਿਸੇ ਵਿਅਕਤੀ ਅਤੇ ਉਹਨਾਂ ਦੇ ਘਰ 'ਤੇ ਸੰਗਠਿਤ ਗਿਰੋਹ ਵੱਲੋਂ ਹਮਲੇ, ਜਾਂ ਜਨਤਕ ਥਾਵਾਂ 'ਤੇ ਅਚਾਨਕ ਹਮਲੇ ਕਰਨਾ।

ਸ਼ਿਕਾਰ ਹੋਏ ਲੋਕਾਂ 'ਤੇ, ਹਰੇਕ ਵਿਅਕਤੀ ਲਈ ਇਸ ਦਾ ਪ੍ਰਭਾਵ ਵੱਖੋ-ਵੱਖਰਾ ਹੁੰਦਾ ਹੈ, ਪਰ ਬਹੁਤੇ ਲੋਕ ਇੱਕੋ ਜਿਹੀਆਂ ਸਮੱਸਿਆਵਾਂ ਸਹਿਣ ਕਰਦੇ ਹਨ। ਉਹ ਪੂਰੀ ਤਰ੍ਹਾਂ ਅਲੱਗ-ਥਲੱਗ ਹੋਣ ਦੀ ਭਾਵਨਾ ਦਾ ਅਹਿਸਾਸ ਕਰ ਸਕਦੇ ਹਨ ਅਤੇ ਬਾਹਰ ਜਾਣ ਜਾਂ ਘਰ ਦੇ ਅੰਦਰ ਰਹਿੰਦਿਆਂ ਵੀ ਖ਼ੌਫਜ਼ਦਾ ਹੋ ਸਕਦੇ ਹਨ। ਉਹ ਇਕੱਲੇ ਰਹਿਣ ਵਾਲੇ ਅਤੇ ਸੰਗਠਨਾਂ ਅਤੇ ਅਜਨਬੀਆਂ ਪ੍ਰਤੀ ਸ਼ੱਕੀ ਬਣ ਸਕਦੇ ਹਨ। ਉਹਨਾਂ ਦੀ ਮਾਨਸਿਕ ਅਤੇ ਸਰੀਰਕ ਸਿਹਤ 'ਤੇ ਮਾੜਾ ਅਸਰ ਪੈ ਸਕਦਾ ਹੈ। ਖਾਸ ਕਰਕੇ ਨੌਜਵਾਨ ਲੋਕਾਂ ਲਈ ਉਹਨਾਂ ਦੇ ਸਵੈ-ਮਾਣ ਅਤੇ ਸ਼ਨਾਖ਼ਤ ਲਈ ਇਹ ਅਸਰ ਨੁਕਸਾਨਦੇਹ ਹੋ ਸਕਦਾ ਹੈ ਅਤੇ, ਬਿਨਾਂ ਕਿਸੇ ਸਹਾਰੇ ਦੇ, ਇਸ ਦੇ ਸਿੱਟੇ ਵੱਜੋਂ ਉਹਨਾਂ ਦੀ ਆਪਣੀ ਨਸਲੀ ਜਾਂ ਧਾਰਮਿਕ ਸ਼ਨਾਖ਼ਤ ਬਾਰੇ ਇੱਕ ਤਰ੍ਹਾਂ ਦੀ ਸਵੈ-ਨਫ਼ਰਤ ਪੈਦਾ ਹੋ ਸਕਦੀ ਹੈ। ਨਸਲੀ ਜਾਂ ਧਾਰਮਿਕ ਜੁਰਮਾਂ ਤੋਂ ਪੀੜ੍ਹਤ ਹੋਣ ਦੇ ਨਤੀਜੇ ਵੱਜੋਂ ਨੌਜਵਾਨ ਲੋਕਾਂ ਅੰਦਰ ਹੋਰਨਾਂ ਬਾਰੇ ਸ਼ੱਕ ਜਾਂ ਨਫ਼ਰਤ ਪੈਦਾ ਹੋ ਸਕਦੀ ਹੈ।

ਇਹਨਾਂ ਜੁਰਮਾਂ ਦੇ ਸ਼ਿਕਾਰ ਲੋਕਾਂ ਵੱਲੋਂ ਮਹਿਸੂਸ ਕੀਤੀ ਜਾ ਰਹੀ ਦੁਚਿੱਤੀ, ਡਰ ਅਤੇ ਸੁਰੱਖਿਆ ਦੀ ਕਮੀ ਦਾ ਵਿਆਪਕ ਸਮੁਦਾਇ ਵਿੱਚ ਉਹਨਾਂ ਦੇ ਨਸਲੀ ਜਾਂ ਧਾਰਮਿਕ ਸਮੂਹ 'ਤੇ ਲਹਿਰਾਂ ਵਰਗਾ ਪ੍ਰਭਾਵ ਪੈ ਸਕਦਾ ਹੈ। ਸਮੁਦਾਏ ਆਪਣੇ ਆਪ ਨੂੰ ਸ਼ਿਕਾਰ ਹੋਇਆ ਅਤੇ ਹੋਰ ਹਮਲੇ ਪ੍ਰਤੀ ਲਾਚਾਰ ਮਹਿਸੂਸ ਕਰ ਸਕਦੇ ਹਨ।

ਕਿਉਂਕਿ ਇਸ ਤਰ੍ਹਾਂ ਦੇ ਜੁਰਮਾਂ ਦੇ ਅਜਿਹੇ ਦੂਰਗਾਮੀ ਨਤੀਜੇ ਨਿਕਲ ਸਕਦੇ ਹਨ, ਇਸ ਲਈ ਅਸੀਂ ਇਸ ਨੀਤੀ ਬਿਆਨ ਨੂੰ ਪ੍ਰਕਾਸ਼ਿਤ ਕਰਨ ਦਾ ਫ਼ੈਸਲਾ ਕੀਤਾ ਹੈ, ਜੋ ਵਿਆਖਿਆ ਕਰਦਾ ਹੈ:

- ਨਸਲੀ ਅਤੇ ਧਾਰਮਿਕ ਜੁਰਮ ਤੋਂ ਸਾਡਾ ਕੀ ਭਾਵ ਹੈ;
- ਅਪਰਾਧ, ਅਤੇ ਕਾਨੂੰਨ ਕਿਵੇਂ ਕੰਮ ਕਰਦਾ ਹੈ;
- ਸਾਡੀ ਭੂਮਿਕਾ ਅਤੇ ਫੌਜਦਾਰੀ ਨਿਆਂਇਕ ਪ੍ਰਣਾਲੀ ਵਿੱਚ ਅਸੀਂ ਕਿੱਥੇ ਫਿੱਟ ਬੈਠਦੇ ਹਾਂ;
- ਸ਼ਿਕਾਰ ਹੋਏ ਲੋਕਾਂ ਅਤੇ ਗਵਾਹਾਂ ਪ੍ਰਤੀ ਸਾਡੀ ਜ਼ਿੰਮੇਵਾਰੀ;
- ਪ੍ਰਤੀਵਾਦੀਆਂ ਦੇ ਅਧਿਕਾਰ; ਅਤੇ
- ਅਸੀਂ ਨਸਲੀ ਅਤੇ ਧਾਰਮਿਕ ਜੁਰਮ ਦੇ ਕੇਸਾਂ ਦੀ ਨਿਗਰਾਨੀ ਕਿਵੇਂ ਕਰਦੇ ਹਾਂ।

ਹਾਲਾਂਕਿ ਇਹ ਦਸਤਾਵੇਜ਼ ਨਸਲੀ ਜਾਂ ਧਾਰਮਿਕ ਜੁਰਮ ਤੋਂ ਪ੍ਰਭਾਵਿਤ ਲੋਕਾਂ ਦੇ ਉਚੇਚੇ ਹਿਤਾਂ ਲਈ ਹੋਵੇਗਾ, ਪਰ ਇਹ ਵਿਆਪਕ ਪੱਧਰ 'ਤੇ ਆਮ ਲੋਕਾਂ ਲਈ ਸਾਡੀ ਨੀਤੀ

ਦੇ ਸਪਸ਼ਟ ਬਿਆਨ ਦੇ ਇਰਾਦੇ ਨਾਲ ਵੀ ਬਣਾਇਆ ਗਿਆ ਹੈ।

**ਸਾਡੀ ਨੀਤੀ ਹੈ ਕਿ ਨਸਲੀ ਅਤੇ ਧਾਰਮਿਕ ਜੁਰਮ ਵਿਰੁੱਧ ਨਿਰਪੱਖਤਾ, ਦਰਿੜ੍ਹਤਾ ਅਤੇ ਮਜਬੂਤੀ ਨਾਲ ਮੁਕੱਦਮਾ ਚਲਾਇਆ ਜਾਵੇ।**

ਇਸ ਦਸਤਾਵੇਜ਼ ਵਿੱਚ ਸਾਰੇ ਸੀ.ਪੀ.ਐਸ. ਪ੍ਰੋਸੀਕਿਊਟਰਾਂ ਅਤੇ ਸਮਾਜ ਸੇਵਕਾਂ ਲਈ ਵਧੇਰੇ ਵਿਸਥਾਰ ਵਿੱਚ ਸੇਧ ਦਿੱਤੀ ਗਈ ਹੈ ਤਾਂ ਜੋ ਉਹਨਾਂ ਨੂੰ ਇਸ ਨੀਤੀ ਬਾਰੇ ਅਤੇ ਇਸ ਬਾਰੇ ਸਪਸ਼ਟ ਸਮਝ ਹੋਵੇ ਕਿ ਅਸੀਂ ਇਸ ਕਿਸਮ ਦੇ ਜੁਰਮਾਂ ਨਾਲ ਕਿਵੇਂ ਨਜਿੱਠਦੇ ਹਾਂ। ਅਸੀਂ ਇਸ ਸੇਧ ਨੂੰ ਅਜਿਹੇ ਹੋਰਨਾਂ ਲੋਕਾਂ ਨਾਲ ਵੀ ਸਾਂਝਾ ਕਰਾਂਗੇ ਜੋ ਫੌਜਦਾਰੀ ਨਿਆਂਇਕ ਪ੍ਰਣਾਲੀ ਵਿੱਚ ਕੰਮ ਕਰਦੇ ਹਨ ਤਾਂ ਜੋ ਉਹ ਨੀਤੀ ਨੂੰ ਲਾਗੂ ਕਰਨ ਵਿੱਚ ਯੋਗਦਾਨ ਪਾ ਸਕਣ। ਸੇਧ ਜਨਤਕ ਤੌਰ 'ਤੇ ਉਪਲਬਧ ਹੈ।

ਸਾਡੇ ਸਟਾਫ ਨੂੰ ਬਰਾਬਰੀ ਅਤੇ ਵਿਭਿੰਨਤਾ ਦੀ ਜਾਗਰੂਕਤਾ ਬਾਰੇ ਸਿਖਲਾਈ ਦਿੱਤੀ ਗਈ ਹੈ। ਅਸੀਂ ਆਪਣੇ ਪ੍ਰੋਸੀਕਿਊਟਰਾਂ ਅਤੇ ਸਮਾਜ ਸੇਵਕਾਂ ਲਈ ਸਿਖਲਾਈ ਕੋਰਸ ਤਿਆਰ ਕੀਤੇ ਹਨ, ਤਾਂ ਜੋ ਨਸਲੀ ਅਤੇ ਧਾਰਮਿਕ ਜੁਰਮ ਬਾਰੇ ਉਹਨਾਂ ਦੇ ਗਿਆਨ ਅਤੇ ਸਮਝ-ਬੂਝ ਵਿੱਚ ਸੁਧਾਰ ਲਿਆਉਣ ਵਿੱਚ ਮਦਦ ਮਿਲ ਸਕੇ, ਅਤੇ ਸਹੀ ਕੇਸਵਰਕ ਬਾਰੇ ਫ਼ੈਸਲੇ ਲੈਣ ਵਿੱਚ ਵੀ ਉਹਨਾਂ ਦੀ ਸਹਾਇਤਾ ਕੀਤੀ ਜਾ ਸਕੇ। ਇਹ ਸਿਖਲਾਈ ਇਸ ਸਮੇਂ ਸਮੁੱਚੇ ਇੰਗਲੈਂਡ ਅਤੇ ਵੇਲਜ਼ ਵਿੱਚ ਪ੍ਰੋਸੀਕਿਊਟਰਾਂ ਅਤੇ ਸਮਾਜ ਸੇਵਕਾਂ ਨੂੰ ਦਿੱਤੀ ਗਈ ਹੈ, ਜਦਕਿ ਨਵੇਂ ਭਰਤੀ ਪ੍ਰੋਸੀਕਿਊਟਰਸ ਅਤੇ ਸਮਾਜ ਸੇਵਕਾਂ ਨੂੰ ਚਲ ਰਹੇ ਜਾਰੀ ਪ੍ਰੋਗਰਾਮ ਤਹਿਤ ਸਿਖਲਾਈ ਦਿੱਤੀ ਜਾ ਰਹੀ ਹੈ। ਸਮੁਦਾਇਕ ਅਤੇ ਧਾਰਮਿਕ ਸਮੂਹਾਂ ਦੇ ਪ੍ਰਤੀਨਿਧੀਆਂ ਨੇ ਨਸਲੀ ਅਤੇ ਧਾਰਮਿਕ ਜੁਰਮ 'ਤੇ ਬਣੇ ਇਸ ਕੋਰਸ ਵਿੱਚ ਯੋਗਦਾਨ ਪਾਇਆ।

# 2 ਨਸਲੀ ਜਾਂ ਧਾਰਮਿਕ ਜੁਰਮ ਤੋਂ ਸਾਡਾ ਕੀ ਭਾਵ ਹੈ

## ਨਸਲੀ ਜਾਂ ਧਾਰਮਿਕ ਘਟਨਾਵਾਂ

ਸਟੀਫਨ ਲਾਰੈਂਸ ਜਾਂਚ ਰਿਪੋਰਟ ਫਰਵਰੀ 1999 ਵਿੱਚ ਪ੍ਰਕਾਸ਼ਿਤ ਹੋਈ ਸੀ, ਅਤੇ ਇਸ ਨੇ ਨਸਲੀ ਘਟਨਾਵਾਂ ਦੀ ਵਿਆਖਿਆ ਇੰਞ ਕੀਤੀ:

> *"... ਕੋਈ ਵੀ ਘਟਨਾ ਜਿਸ ਨੂੰ ਸ਼ਿਕਾਰ ਹੋਏ ਵਿਅਕਤੀ ਜਾਂ ਕਿਸੇ ਹੋਰ ਵਿਅਕਤੀ ਵੱਲੋਂ ਨਸਲੀ ਸਮਝਿਆ ਜਾਂਦਾ ਹੈ।''*

ਅਸੀਂ ਇਸ ਪਰਿਭਾਸ਼ਾ ਨੂੰ ਸਵੀਕਾਰ ਕਰਦੇ ਹਾਂ।

ਅਸੀਂ ਧਾਰਮਿਕ ਘਟਨਾ ਨੂੰ ਇੰਞ ਪਰਿਭਾਸ਼ਿਤ ਕਰਦੇ ਹਾਂ:

> *''ਕੋਈ ਵੀ ਘਟਨਾ ਜੋ ਸ਼ਿਕਾਰ ਹੋਏ ਜਾਂ ਕਿਸੇ ਹੋਰ ਵਿਅਕਤੀ ਵੱਲੋਂ ਵਿਅਕਤੀ ਦੇ ਧਰਮ ਜਾਂ ਸਮਝੇ ਗਏ ਧਰਮ ਕਾਰਨ ਪ੍ਰੇਰਿਤ ਹੋਈ ਸਮਝੀ ਜਾਂਦੀ ਹੈ।''*

ਦੋਵੇਂ ਪਰਿਭਾਸ਼ਾਵਾਂ ਸਾਡੀਆਂ ਕੇਸ ਫਾਈਲਾਂ 'ਤੇ ਸਾਰੀਆਂ ਨਸਲੀ ਜਾਂ ਧਾਰਮਿਕ ਘਟਨਾਵਾਂ ਦੀ ਸ਼ਨਾਖ਼ਤ ਕਰਨ ਵਿੱਚ ਸਹਾਇਤਾ ਕਰਦੀਆਂ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਸੀਂ ਮੁਕੱਦਮਾ ਚਲਾਉਣ ਬਾਰੇ ਫ਼ੈਸਲਾ ਲੈਣ ਸਮੇਂ ਨਸਲੀ ਜਾਂ ਧਾਰਮਿਕ ਅੰਸ਼ ਬਾਰੇ ਵਿਚਾਰ ਕਰ ਸਕੀਏ।

**ਸਾਰੀਆਂ ਨਸਲੀ ਜਾਂ ਧਾਰਮਿਕ ਘਟਨਾਵਾਂ ਫੌਜਦਾਰੀ ਅਪਰਾਧ ਨਹੀਂ ਹੁੰਦੇ।**
ਇਸ ਤੋਂ ਇਲਾਵਾ, ਜੇ ਕੋਈ ਘਟਨਾ ਜੁਰਮ ਬਣਦੀ ਵੀ ਹੋਵੇ, ਤਾਂ ਹੋ ਸਕਦਾ ਹੈ ਕਿ ਮੁਕੱਦਮਾ ਨਾ ਚਲਾਇਆ ਜਾਵੇ ਕਿਉਂਕਿ:

- ਹੋ ਸਕਦਾ ਹੈ ਕਿ ਇੰਨੇ ਸਬੂਤ ਨਾ ਹੋਣ ਕਿ ਕਿਸੇ ਵੀ ਤਰ੍ਹਾਂ ਦਾ ਮੁਕੱਦਮਾ ਚਲਾਇਆ ਜਾ ਸਕੇ;
- ਅਤੇ ਜੇ ਕਿਸੇ ਜੁਰਮ ਲਈ ਮੁਕੱਦਮਾ ਚਲਾਏ ਜਾਣ ਵਾਸਤੇ ਕਾਫੀ ਸਬੂਤ ਹੋਣ ਵੀ, ਤਾਂ ਹੋ ਸਕਦਾ ਹੈ ਕਿ ਕਿਸੇ ਖਾਸ ਨਸਲਵਾਦੀ ਜਾਂ ਧਾਰਮਿਕ ਜੁਰਮ ਲਈ ਮੁਕੱਦਮਾ ਚਲਾਉਣ ਜਾਂ ਜੁਰਮ ਨੂੰ ਨਸਲੀ ਜਾਂ ਧਾਰਮਿਕ ਪ੍ਰਚੰਡਤਾ ਵਾਲਾ ਸਾਬਤ ਕਰਨ ਲਈ ਕਾਫੀ ਸਬੂਤ ਨਾ ਹੋਣ।

ਇਹ ਫ਼ੈਸਲਾ ਕਰਨ ਵਿੱਚ ਸਾਡੀ ਮਦਦ ਲਈ ਕਿ ਕੋਈ ਨਸਲੀ ਜਾਂ ਧਾਰਮਿਕ ਘਟਨਾ ਇੱਕ ਜੁਰਮ ਬਣਦੀ ਹਾਂ ਜਾਂ ਨਹੀਂ ਅਤੇ ਕੀ ਇਸ ਕੇਸ ਵਿੱਚ ਮੁਕੱਦਮਾ ਚਲਾਉਣ ਲਈ ਕਾਫੀ ਸਬੂਤ ਹਨ ਜਾਂ ਨਹੀਂ, ਅਸੀਂ ਕੋਡ ਫਾਰ ਕ੍ਰਾਊਨ ਪ੍ਰੋਸੀਕਿਊਟਰਜ਼ (ਕ੍ਰਾਊਨ ਪ੍ਰੋਸੀਕਿਊਟਰਾਂ ਲਈ ਨਿਯਮ) ਦਾ ਇਸਤੇਮਾਲ ਕਰਦੇ ਹਾਂ। ਅਸੀਂ ਇਸ ਬਿਆਨ ਦੇ ਪੰਜਵੇਂ ਪੈਰ੍ਹੇ ਵਿੱਚ ਇਸ ਬਿਆਨ ਦੀ ਵਿਆਖਿਆ ਕੀਤੀ ਹੈ।

## ਨਸਲੀ ਜਾਂ ਧਾਰਮਿਕ ਜੁਰਮ

ਇਹ ਅਜਿਹਾ ਜੁਰਮ ਹੈ ਜਿੱਥੇ ਪ੍ਰੋਸੀਕਿਊਟਰ ਨੂੰ ਜੁਰਮ ਦੇ ਇੱਕ ਹਿੱਸੇ ਦੇ ਤੌਰ 'ਤੇ ਨਸਲੀ ਜਾਂ ਧਾਰਮਿਕ ਅੰਸ਼ ਸਾਬਤ ਕਰਨਾ ਹੁੰਦਾ ਹੈ, ਜਾਂ ਜਿੱਥੇ ਕਾਨੂੰਨ ਪ੍ਰੋਸੀਕਿਊਟਰ ਨੂੰ ਇਸ ਗੱਲ ਦੀ ਇਜਾਜ਼ਤ ਦਿੰਦਾ ਹੈ ਕਿ ਉਹ ਮੁਜਰਮ ਨੂੰ ਸਜ਼ਾ ਸੁਣਾਏ ਜਾਣ ਸਮੇਂ ਉਸ ਸਬੂਤ ਨੂੰ ਅਦਾਲਤ ਸਾਹਮਣੇ ਰੱਖੇ।

ਨਸਲੀ ਜੁਰਮ ਜਾਂ ਧਾਰਮਿਕ ਜੁਰਮ ਦਾ ਸਿਰਫ਼ ਇੱਕ ਫੌਜਦਾਰੀ ਅਪਰਾਧ ਨਹੀਂ ਬਣਦਾ। ਇਸ ਵਿੱਚ ਕਈ ਤਰ੍ਹਾਂ ਦੇ ਵੱਖ ਵੱਖ ਅਪਰਾਧ ਹੁੰਦੇ ਹਨ ਜਿੱਥੇ ਸਾਨੂੰ ਦੋਸ਼ੀ ਵਿਅਕਤੀ ਦਾ ਦੋਸ਼ ਸਾਬਤ ਹੋਣ ਤੋਂ ਪਹਿਲਾਂ ਨਸਲੀ ਜਾਂ ਧਾਰਮਿਕ ਅੰਸ਼ ਸਾਬਤ ਕਰਨੇ ਪੈਂਦੇ ਹਨ। ਇਸ ਦੀ ਇਕ ਮਿਸਾਲ ਹੈ ਫੁੱਟਬਾਲ ਮੈਚ ਦੌਰਾਨ ਨਸਲੀ ਫਿਕਰੇਬਾਜੀ ਦਾ ਉਚਾਰਣ ਕਰਨਾ।

ਅਪਰਾਧਾਂ ਤੋਂ ਇਲਾਵਾ ਜਿੱਥੇ ਸਾਨੂੰ ਨਸਲੀ ਜਾਂ ਧਾਰਮਿਕ ਅੰਸ਼ ਸਾਬਤ ਕਰਨ ਦੇ ਯੋਗ ਹੋਣਾ ਪੈਂਦਾ ਹੈ, ਉਥੇ ਫੌਜਦਾਰੀ ਅਦਾਲਤਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਅਜਿਹੇ ਕਿਸੇ ਅਪਰਾਧ ਨੂੰ ਹੋਰ ਵੀ ਗੰਭੀਰਤਾ ਨਾਲ ਲੈਣ ਜਿੱਥੇ ਇਸ ਗੱਲ ਦੇ ਸਬੂਤ ਹੋਣ ਕਿ ਦੋਸ਼ੀ ਵਿਅਕਤੀ ਨੇ ਸ਼ਿਕਾਰ ਹੋਏ ਵਿਅਕਤੀ ਵਿਰੁੱਧ ਵੈਰ-ਵਿਰੋਧਤਾ ਦਾ ਪ੍ਰਗਟਾਵਾ ਕੀਤਾ ਸੀ, ਜਾਂ ਇਹ ਸ਼ਿਕਾਰ ਹੋਏ ਵਿਅਕਤੀ ਦੀ ਕਿਸੇ ਨਸਲੀ ਜਾਂ ਧਾਰਮਿਕ ਸਮੂਹ ਵਿੱਚ ਮੈਂਬਰਸ਼ਿਪ ਹੋਣ ਕਾਰਨ ਉਸ ਵਿਰੁੱਧ ਵੈਰ-ਵਿਰੋਧਤਾ ਤੋਂ ਪ੍ਰੇਰਤ ਸੀ।

**ਨਸਲੀ ਸਮੂਹ –** ਇਸ ਦਾ ਭਾਵ ਹੈ ਅਜਿਹੇ ਲੋਕਾਂ ਦਾ ਕੋਈ ਵੀ ਸਮੂਹ ਜਿਹਨਾਂ ਦੀ ਪਰਿਭਾਸ਼ਾ ਉਹਨਾਂ ਦੀ ਨਸਲ, ਰੰਗ, ਕੌਮੀਅਤ (ਨਾਗਰਿਕਤਾ ਸਮੇਤ) ਜਾਂ ਨਸਲੀ ਜਾਂ ਕੌਮੀ ਮੂਲ ਦੇ ਹਵਾਲੇ ਨਾਲ ਦਿੱਤੀ ਜਾਂਦੀ ਹੈ। ਇਸ ਵਿੱਚ ਜਿਪਸੀ ਅਤੇ ਯਾਤਰੂ, ਸ਼ਰਨਾਰਥੀ, ਜਾਂ ਸ਼ਰਨ ਮੰਗਣ ਵਾਲੇ ਜਾਂ ਘੱਟ ਦਿਖਾਈ ਦੇਣ ਵਾਲੇ ਘੱਟ ਗਿਣਤੀ ਦੇ ਲੋਕ ਸ਼ਾਮਲ ਹੋ ਸਕਦੇ ਹਨ।
ਇਸ ਬਾਰੇ ਕਾਨੂੰਨੀ ਫ਼ੈਸਲਾ ਹੋ ਚੁੱਕਾ ਹੈ ਕਿ ਯਹੂਦੀ ਅਤੇ ਸਿੱਖ ਨਸਲੀ ਸਮੂਹਾਂ ਦੀ ਪਰਿਭਾਸ਼ਾ ਵਿੱਚ ਸ਼ਾਮਲ ਹਨ।

**ਧਾਰਮਿਕ ਸਮੂਹ –** ਇਸ ਦਾ ਭਾਵ ਅਜਿਹੇ ਲੋਕਾਂ ਦੇ ਸਮੂਹ ਤੋਂ ਹੈ ਜਿਸ ਦੀ ਪਰਿਭਾਸ਼ਾ ਉਹਨਾਂ

ਨਸਲੀ ਜਾਂ ਧਾਰਮਿਕ ਜੁਰਮ ਤੋਂ ਸਾਡਾ ਕੀ ਭਾਵ ਹੈ

ਦੀ ਧਾਰਮਿਕ ਆਸਥਾ ਜਾਂ ਧਾਰਮਿਕ ਆਸਥਾ ਵਿੱਚ ਕਮੀ ਦੇ ਹਵਾਲੇ ਰਾਹੀਂ ਦਿੱਤੀ ਜਾਂਦੀ ਹੈ। ਮਿਸਾਲ ਦੇ ਤੌਰ 'ਤੇ, ਇਸ ਵਿੱਚ ਮੁਸਲਿਮ, ਹਿੰਦੂ ਅਤੇ ਇਸਾਈ ਅਤੇ ਇਹਨਾਂ ਧਰਮਾਂ ਦੇ ਅੰਦਰ ਵੱਖ ਵੱਖ ਫਿਰਕੇ ਅਤੇ ਸ਼ਾਖਾਵਾਂ ਸ਼ਾਮਲ ਹਨ। ਇਸ ਵਿੱਚ ਉਹ ਲੋਕ ਵੀ ਸ਼ਾਮਲ ਹਨ ਜਿਹਨਾਂ ਦੀ ਕਿਸੇ ਤਰ੍ਹਾਂ ਦੀ ਵੀ ਧਾਰਮਿਕ ਆਸਥਾ ਨਹੀਂ ਹੁੰਦੀ।

# 3 ਅਪਰਾਧਾਂ ਦੀਆਂ ਕਿਸਮਾਂ

ਕੁਝ ਅਪਰਾਧਾਂ ਲਈ ਮੁਲਜਮ ਨੂੰ ਦੋਸ਼ੀ ਸਾਬਤ ਕਰਨ ਤੋਂ ਪਹਿਲਾਂ ਸਾਨੂੰ ਨਸਲੀ ਜਾਂ ਧਾਰਮਿਕ ਅੰਸ਼ ਸਾਬਤ ਕਰਨਾ ਪੈਂਦਾ ਹੈ। **ਅੰਤਿਕਾ A** ਵਿੱਚ ਅਸੀਂ ਇਹਨਾਂ ਅਪਰਾਧਾਂ, ਅਤੇ ਉਹਨਾਂ ਸਜ਼ਾਵਾਂ ਦੀ ਵਿਆਖਿਆ ਕੀਤੀ ਹੈ ਜੋ ਅਦਾਲਤ ਵੱਲੋਂ ਦਿੱਤੀਆਂ ਜਾ ਸਕਦੀਆਂ ਹਨ।

## ਨਸਲਵਾਦੀ ਜਾਂ ਧਾਰਮਿਕ ਪ੍ਰਚੰਡਤਾ ਵਾਲੇ ਅਪਰਾਧ

ਕੁਝ ਅਪਰਾਧਾਂ ਲਈ ਦੋਸ਼ ਕੁਝ ਖਾਸ ਨਸਲਵਾਦੀ ਜਾਂ ਧਾਰਮਿਕ ਪ੍ਰਚੰਡਤਾ ਵਾਲਿਆਂ ਵੱਜੋਂ ਤੈਅ ਕੀਤੇ ਜਾ ਸਕਦੇ ਹਨ

ਇਹਨਾਂ ਅਪਰਾਧਾਂ ਲਈ ਸਾਨੂੰ ਸਭ ਤੋਂ ਪਹਿਲਾਂ ਇਹ ਸਾਬਤ ਕਰਨਾ ਪਏਗਾ ਕਿ ਅਪਰਾਧੀ ਨੇ **ਮੁਢਲੇ** ਅਪਰਾਧਾਂ ਵਿੱਚੋਂ ਕੋਈ ਇੱਕ ਅਪਰਾਧ ਕੀਤਾ ਹੈ ਅਤੇ ਇਸ ਤੋਂ ਬਾਅਦ ਸਾਨੂੰ ਇਹ ਸਾਬਤ ਕਰਨਾ ਪਏਗਾ ਕਿ ਅਪਰਾਧ ਨਸਲੀ ਜਾਂ ਧਾਰਮਿਕ **ਪ੍ਰਚੰਡਤਾ** ਵਾਲਾ ਸੀ।

ਜਿਹਨਾਂ **ਮੁਢਲੇ** ਅਪਰਾਧਾਂ 'ਤੇ ਦੋਸ਼ ਆਇਦ ਕੀਤਾ ਜਾ ਸਕਦਾ ਹੈ ਉਹਨਾਂ ਵਿੱਚ ਸ਼ਾਮਲ ਹਨ ਹਮਲਾ ਜਾਂ ਜ਼ਖ਼ਮੀ ਕਰਨਾ, ਪਰੇਸ਼ਾਨ ਕਰਨਾ, ਨੁਕਸਾਨ ਪਹੁੰਚਾਉਣਾ ਅਤੇ ਜਨਤਕ ਵਿਵਸਥਾ ਵਾਲੇ ਅਪਰਾਧ, ਜਿਵੇਂ ਕਿ ਲੋਕਾਂ ਵਿੱਚ ਹਿੰਸਾ ਜਾਂ ਪਰੇਸ਼ਾਨੀ ਦੇ ਡਰ ਦਾ ਕਾਰਨ ਬਣਨਾ। ਜਦੋਂ ਇਹਨਾਂ ਅਪਰਾਧਾਂ ਲਈ ਸਪਸ਼ਟ ਤੌਰ 'ਤੇ ਨਸਲਵਾਦ ਜਾਂ ਧਾਰਮਿਕ ਪ੍ਰਚੰਡਤਾ ਵਾਲੇ ਅਪਰਾਧਾਂ ਵੱਜੋਂ ਦੋਸ਼ ਆਇਦ ਕੀਤੇ ਜਾਂਦੇ ਹਨ ਤਾਂ ਹੋਰ ਜ਼ਿਆਦਾ ਸਖ਼ਤ ਸਜ਼ਾ ਦਿੱਤੀ ਜਾ ਸਕਦੀ ਹੈ।

ਅਸੀਂ ਦੋ ਵਿੱਚੋਂ ਕਿਸੇ ਇੱਕ ਤਰੀਕੇ ਨਾਲ ਇਹ ਸਾਬਤ ਕਰ ਸਕਦੇ ਹਾਂ ਕਿ ਕੋਈ ਅਪਰਾਧ ਨਸਲਵਾਦ ਜਾਂ ਧਾਰਮਿਕ ਪ੍ਰਚੰਡਤਾ ਵਾਲਾ ਹੈ। ਸਾਨੂੰ ਸਾਬਤ ਕਰਨਾ ਪੈਂਦਾ ਹੈ ਕਿ ਦੋਸ਼ੀ ਵਿਅਕਤੀ:

- ਨੇ ਜਾਂ ਤਾਂ ਸ਼ਿਕਾਰ ਹੋਏ ਵਿਅਕਤੀ ਵਿਰੁੱਧ ਵੈਰ-ਵਿਰੋਧਤਾ ਦਾ ਪ੍ਰਗਟਾਵਾ ਇਸ ਲਈ ਕੀਤਾ ਕਿਉਂਕਿ ਸ਼ਿਕਾਰ ਹੋਇਆ ਵਿਅਕਤੀ ਕਿਸੇ ਖਾਸ ਨਸਲੀ ਜਾਂ ਧਾਰਮਿਕ ਸਮੂਹ ਨਾਲ ਸੰਬੰਧਤ ਸੀ ਜਾਂ ਸੰਬੰਧਤ ਸਮਝਿਆ ਗਿਆ ਸੀ – ਮਿਸਾਲ ਦੇ ਤੌਰ 'ਤੇ ਕਿਸੇ 'ਤੇ ਹਮਲਾ ਕਰਦਿਆਂ ਨਸਲਵਾਦੀ ਜਾਂ ਧਾਰਮਿਕ ਤੌਰ 'ਤੇ ਗਾਲੀ-ਗਲੋਚ ਵਾਲੀ ਭਾਸ਼ਾ ਦਾ ਇਸਤੇਮਾਲ ਕਰਨਾ;

  ਜਾਂ

- ਉਸੇ ਕਾਰਨਾਂ ਕਰਕੇ ਹੀ ਸ਼ਿਕਾਰ ਹੋਏ ਵਿਅਕਤੀ ਵਿਰੁੱਧ ਵੈਰ-ਵਿਰੋਧਤਾ ਤੋਂ ਪ੍ਰੇਰਿਤ ਸੀ – ਮਿਸਾਲ ਦੇ ਤੌਰ 'ਤੇ ਦੋਸ਼ੀ ਵਿਅਕਤੀ ਦਾ ਪੁਲਿਸ ਸਾਹਮਣੇ ਇਹ ਸਵੀਕਾਰ ਕਰਨਾ ਕਿ

ਉਸਨੇ ਏਸ਼ੀਅਨ ਦੁਕਾਨਦਾਰ ਦੀ ਖਿੜਕੀ ਵੱਲ ਇਸ ਲਈ ਇੱਟ ਸੁੱਟੀ ਕਿਉਂਕਿ ਉਹ ਏਸ਼ੀਅਨ ਲੋਕਾਂ ਨੂੰ ਨਾਪਸੰਦ ਕਰਦਾ ਹੈ।

ਇਰਾਦੇ ਨੂੰ ਸਾਬਤ ਕਰਨਾ ਹਮੇਸ਼ਾ ਹੀ ਮੁਸ਼ਕਲ ਹੁੰਦਾ ਹੈ ਅਤੇ ਬਹੁਤੇ ਮੁਕੱਦਮੇ ਦੋਸ਼ੀ ਵੱਲੋਂ ਸ਼ਿਕਾਰ ਹੋਏ ਵਿਅਕਤੀ ਵਿਰੁੱਧ ਕੀਤੀ ਵੈਰ-ਵਿਰੋਧਤਾ ਵਾਲੀ ਕਾਰਵਾਈ ਦੇ ਸਿੱਟੇ ਵੱਜੋਂ ਹੀ ਚਲਾਏ ਜਾਣਗੇ।

## ਨਸਲੀ ਨਫ਼ਰਤ ਲਈ ਉਕਸਾਹਟ

ਇਹ ਅਪਰਾਧ ਉਦੋਂ ਕੀਤਾ ਜਾਂਦਾ ਹੈ ਜਦੋਂ ਦੋਸ਼ੀ ਵਿਅਕਤੀ ਕੁਝ ਅਜਿਹਾ ਕਹਿੰਦਾ ਜਾਂ ਕਰਦਾ ਹੈ ਜੋ ਧਮਕੀ ਭਰਿਆ, ਬਦਜ਼ੁਬਾਨੀ ਵਾਲਾ ਜਾਂ ਅਪਮਾਨਜਨਕ ਹੁੰਦਾ ਹੈ ਅਤੇ ਅਜਿਹਾ ਕਰਕੇ, ਉਸਦਾ ਇਰਾਦਾ ਜਾਂ ਤਾਂ ਨਸਲੀ ਨਫ਼ਰਤ ਨੂੰ ਉਕਸਾਉਣਾ ਹੁੰਦਾ ਹੈ ਜਾਂ ਅਜਿਹੇ ਹਾਲਾਤ ਬਣਾਉਣ ਦਾ ਹੁੰਦਾ ਹੈ ਜਿਸ ਨਾਲ ਨਸਲੀ ਨਫ਼ਰਤ ਦੇ ਭੜਕਣ ਦੀ ਸੰਭਾਵਨਾ ਬਣਦੀ ਹੋਵੇਗੀ। ਇਸ ਵਿੱਚ ਭਾਸ਼ਣ ਕਰਨਾ, ਨਸਲਵਾਦੀ ਪੋਸਟਰ ਦਾ ਪ੍ਰਦਰਸ਼ਨ ਕਰਨਾ, ਲਿਖਤੀ ਸਮੱਗਰੀ ਪ੍ਰਕਾਸ਼ਿਤ ਕਰਨਾ, ਨਾਟਕ ਦਾ ਮੰਚਨ ਕਰਨਾ ਜਾਂ ਮੀਡੀਆ ਵਿੱਚ ਕੁਝ ਪ੍ਰਸਾਰਿਤ ਕਰਨ ਵਰਗੀਆਂ ਗੱਲਾਂ ਸ਼ਾਮਲ ਹੋ ਸਕਦੀਆਂ ਹਨ।

ਇਸ ਅਪਰਾਧ ਲਈ ਸਾਨੂੰ ਜਿਹੜੀਆਂ ਗੱਲਾਂ ਸਭ ਤੋਂ ਪਹਿਲਾਂ ਸਾਬਤ ਕਰਨੀਆਂ ਪੈਂਦੀਆਂ ਹਨ ਉਹਨਾਂ ਵਿੱਚੋਂ ਇੱਕ ਇਹ ਹੈ ਕਿ ਕੀ ਦੋਸ਼ੀ ਦਾ ਵਿਹਾਰ ਧਮਕੀ ਭਰਿਆ, ਬਦਜ਼ੁਬਾਨੀ ਵਾਲਾ ਜਾਂ ਅਪਮਾਨਜਨਕ ਸੀ। ਇਹਨਾਂ ਸ਼ਬਦਾਂ ਦੇ ਆਮ ਤੌਰ 'ਤੇ ਆਮ ਅਰਥ ਦਿੱਤੇ ਜਾਂਦੇ ਹਨ ਪਰ ਅਦਾਲਤਾਂ ਨੇ ਫ਼ੈਸਲੇ ਦਿੱਤੇ ਹਨ ਕਿ ਜ਼ਰੂਰੀ ਤੌਰ 'ਤੇ ਅਪਮਾਨਜਨਕ ਨਾ ਹੋਣ ਦੇ ਬਾਵਜੂਦ ਵਿਹਾਰ ਨਰਾਜਗੀ ਪੈਦਾ ਕਰਨ ਵਾਲਾ, ਅਸੱਭਿਅ ਜਾਂ ਠੇਸ ਪਹੁੰਚਾਉਣ ਵਾਲਾ ਹੋ ਸਕਦਾ ਹੈ।

ਅਸੀਂ ਇਹ ਵਿਚਾਰ ਵੀ ਕਰਨਾ ਹੈ ਕਿ ਕੀ ਦੋਸ਼ੀ ਵਿਅਕਤੀ ਦਾ ਇਰਾਦਾ ਨਸਲੀ *ਨਫ਼ਰਤ* ਪੈਦਾ ਕਰਨ ਦਾ ਸੀ ਜਾਂ ਕੀ ਨਸਲੀ ਨਫ਼ਰਤ ਇਸ ਦੇ ਸਿੱਟੇ ਵੱਜੋਂ ਪੈਦਾ ਹੋ ਸਕਦੀ ਸੀ। ਨਫ਼ਰਤ ਬਹੁਤ ਮਜ਼ਬੂਤ ਜਜ਼ਬਾਤ ਹੈ। ਨਸਲੀ ਤਣਾਅ, ਵਿਰੋਧਤਾ, ਅਤੇ ਇੱਥੋਂ ਤਕ ਕਿ ਵੈਰ-ਵਿਰੋਧਤਾ ਦੀ ਉਕਸਾਹਟ ਵੀ ਜ਼ਰੂਰੀ ਨਹੀਂ ਹੈ ਕਿ ਕੋਈ ਅਪਰਾਧ ਬਣਦੀ ਹੋਵੇ।

ਕਈ ਵਾਰ ਇਹ ਸਾਫ ਜਾਹਰ ਹੋ ਸਕਦਾ ਹੈ ਕਿ ਵਿਅਕਤੀ ਦਾ ਇਰਾਦਾ ਨਸਲੀ ਨਫ਼ਰਤ ਪੈਦਾ ਕਰਨ ਦਾ ਹੈ, ਮਿਸਾਲ ਦੇ ਤੌਰ 'ਤੇ ਜਦੋਂ ਕੋਈ ਵਿਅਕਤੀ ਭਾਸ਼ਣ ਵਿੱਚ ਕਿਸੇ ਸਮੂਹ ਦੇ ਲੋਕਾਂ ਦੀ ਉਹਨਾਂ ਦੀ ਨਸਲ ਕਾਰਨ ਆਲੋਚਨਾ ਕਰਦਾ ਹੈ ਅਤੇ ਜਾਣ-ਬੁਝ ਕੇ ਹੋਰਨਾਂ ਲੋਕਾਂ ਨੂੰ ਉਹਨਾਂ ਦੇ ਖਿਲਾਫ ਹੋਣ ਲਈ, ਅਤੇ ਹੋ ਸਕਦਾ ਹੈ ਹਿੰਸਾ ਦੀ ਕਾਰਵਾਈ ਕਰਨ ਲਈ ਉਤਸਾਹਿਤ ਕਰਦਾ ਹੈ। ਐਪਰ, ਆਮ ਤੌਰ 'ਤੇ ਸਬੂਤ ਐਨਾ ਸਪਸ਼ਟ ਨਹੀਂ ਹੁੰਦਾ ਅਤੇ ਸਾਨੂੰ ਇਰਾਦੇ ਦੇ ਨਤੀਜੇ 'ਤੇ ਪਹੁੰਚਣ ਲਈ ਲੋਕਾਂ ਦੀਆਂ ਕਾਰਵਾਈਆਂ 'ਤੇ ਨਿਰਭਰ ਹੋਣਾ ਪੈ ਸਕਦਾ ਹੈ।

ਜੇ ਅਸੀਂ ਇਹ ਸਾਬਤ ਨਹੀਂ ਕਰ ਸਕਦੇ ਕਿ ਕਿਸੇ ਵਿਅਕਤੀ ਦਾ ਇਰਾਦਾ ਨਸਲੀ ਨਫ਼ਰਤ ਨੂੰ ਉਕਸਾਉਣ ਦਾ ਸੀ ਤਾਂ ਸਾਨੂੰ ਇਹ ਦਿਖਾਉਣਾ ਪਏਗਾ, ਕਿ ਸਾਰੇ ਹਾਲਾਤ ਵਿੱਚ ਨਫ਼ਰਤ ਦੇ ਭੜਕਣ ਦੀ *ਸੰਭਾਵਨਾ* ਸੀ। 'ਸੰਭਾਵਨਾ' ਦਾ ਮਹਿਜ ਇਹ ਮਤਲਬ ਨਹੀਂ ਹੈ ਕਿ ਨਸਲੀ ਨਫ਼ਰਤ ਸਿਰਫ਼ ਸੰਭਵ ਹੀ ਸੀ। ਇਸੇ ਲਈ ਸਾਨੂੰ ਕਿਸੇ ਵੀ ਵਿਹਾਰ ਦੇ ਸੰਦਰਭ ਨੂੰ ਬਹੁਤ ਧਿਆਨ ਨਾਲ, ਖਾਸ ਕਰਕੇ ਸੰਭਾਵਿਤ ਸ੍ਰੋਤਿਆਂ ਵਿੱਚ, ਘੋਖਣਾ ਪਏਗਾ, ਕਿਉਂਕਿ ਇਹ ਬਹੁਤ ਜ਼ਿਆਦਾ ਸਾਰਥਕ ਹੋਵੇਗਾ।

ਇਹ ਅਪਰਾਧ ਪਬਲਿਕ ਆਰਡਰ ਐਕਟ 1986 ਵਿੱਚ ਆਉਂਦੇ ਹਨ, ਜੋ ਆਮ ਕਰਕੇ ਹਿੰਸਾ, ਅਵਿਵਸਥਾ, ਨੁਕਸਾਨ ਜਾਂ ਧਮਕੀਆਂ ਦੀਆਂ ਕਾਰਵਾਈਆਂ ਨੂੰ ਰੋਕਣ ਲਈ ਤਿਆਰ ਕੀਤਾ ਗਿਆ ਹੈ। ਹਾਲਾਂਕਿ ਇਹ ਅਕਸਰ ਮੌਜੂਦ ਹੋਵੇਗਾ, ਪਰ ਇਸ ਤਰ੍ਹਾਂ ਦੀ ਮੁਜਰਮਾਨਾ ਕਾਰਵਾਈ ਦੇ ਵਾਪਰਨ ਦਾ ਜੋਖ਼ਮ ਜ਼ਰੂਰੀ ਨਹੀਂ ਹੈ ਕਿ ਨਸਲ ਦੇ ਅਧਾਰ 'ਤੇ ਨਫ਼ਰਤ ਨੂੰ ਭੜਕਾਉਣ ਦੇ ਅਪਰਾਧ ਦੇ ਵਾਪਰਨ ਨੂੰ ਸਾਬਤ ਕਰੇ।

ਜਦੋਂ ਲੋਕ ਹੋਰਨਾਂ ਨਾਲ ਨਸਲ ਦੇ ਕਾਰਨ ਨਫ਼ਰਤ ਕਰਦੇ ਹਨ ਤਾਂ ਅਜਿਹੀ ਨਫ਼ਰਤ ਦਾ ਪ੍ਰਗਟਾਅ ਨਫ਼ਰਤ, ਗਾਲੀ-ਗਲੋਚ, ਵਿਤਕਰੇਬਾਜ਼ੀ ਜਾਂ ਪੂਰਵ-ਧਾਰਣਾ ਤੋਂ ਪ੍ਰੇਰਿਤ ਜੁਰਮਾਂ ਦੇ ਵਾਪਰਨ ਤੋਂ ਹੋ ਸਕਦਾ ਹੈ। ਅਜਿਹੀਆਂ ਪ੍ਰਤੀਕਿਰਿਆਵਾਂ ਵੱਖ ਵੱਖ ਵਿਅਕਤੀਆਂ ਲਈ ਵੱਖੋ-ਵੱਖਰੀਆਂ ਹੋਣਗੀਆਂ ਪਰ ਹਰ ਤਰ੍ਹਾਂ ਦੀ ਨਫ਼ਰਤ ਦਾ, ਸ਼ਿਕਾਰ ਹੋਏ ਵਿਅਕਤੀਆਂ ਅਤੇ ਸਮਾਜ, ਦੋਵਾਂ 'ਤੇ ਹੀ ਨੁਕਸਾਨਦੇਹ ਅਸਰ ਹੁੰਦਾ ਹੈ, ਅਤੇ ਜਦੋਂ ਇਹ ਵਿਚਾਰ ਕੀਤਾ ਜਾਂਦਾ ਹੈ ਕਿ ਮੁਕੱਦਮਾ ਚਲਾਉਣਾ ਢੁਕਵਾਂ ਹੈ ਜਾਂ ਨਹੀਂ ਤਾਂ ਉਸ ਸਮੇਂ ਇਹ ਇੱਕ ਸੰਬੰਧਤ ਕਾਰਕ ਹੁੰਦਾ ਹੈ ਜਿਸ ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ।

ਕਿਸੇ ਅਜ਼ਾਦ, ਲੋਕਤੰਤਰੀ ਅਤੇ ਸਹਿਣਸ਼ੀਲ ਸਮਾਜ ਵਿੱਚ ਇਹ ਜ਼ਰੂਰੀ ਹੈ ਕਿ ਲੋਕ ਮਜਬੂਤੀ ਨਾਲ ਆਪਣੇ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰ ਸਕਣ, ਭਾਵੇਂ ਇਹ ਜੁਰਮ ਦਾ ਕਾਰਨ ਬਣ ਸਕਦੇ ਹੋਣ। ਐਪਰ, ਸਾਨੂੰ ਵਿਅਕਤੀ ਦੀ ਬੋਲਣ ਦੀ ਅਜ਼ਾਦੀ ਦੀ ਸੁੰਤਤਰਤਾ ਦੇ ਅਧਿਕਾਰਾਂ ਨੂੰ, ਜਨਤਕ ਸੁਰੱਖਿਆ ਦੇ ਹਿਤਾਂ, ਅਵਿਵਸਥਾ ਅਤੇ ਜੁਰਮ ਨੂੰ ਰੋਕਣ, ਅਤੇ ਹੋਰਨਾਂ ਲੋਕਾਂ ਦੇ ਅਧਿਕਾਰਾਂ ਦੀ ਰਾਖੀ ਕਰਨ ਵਿੱਚ ਅਨੁਰੂਪ ਢੰਗ ਨਾਲ ਕਾਰਵਾਈ ਕਰਨ ਦੇ ਸਰਕਾਰ ਦੇ ਕਰਤੱਵ ਦੇ ਨਾਲ ਸੰਤੁਲਿਤ ਕਰਨਾ ਹੰਦਾ ਹੈ।

ਕਿਉਂਕਿ ਇਹ ਫ਼ੈਸਲੇ ਜਨਤਕ ਨੀਤੀ ਦੇ ਸਵਾਲ ਨਾਲ ਜੁੜੇ ਹਨ, ਇਸ ਲਈ ਸੀ.ਪੀ.ਐਸ. ਹੈਡਕੁਆਰਟਰਜ਼ ਵਿਖੇ ਅਧਾਰਤ ਵਕੀਲਾਂ ਦੀ ਇੱਕ ਮਾਹਰ ਟੀਮ ਅਜਿਹੇ ਸਾਰੇ ਕੇਸਾਂ ਵਿੱਚ ਪੁਲਿਸ ਫਾਈਲ ਦੀ ਪੜਚੋਲ ਕਰਦੀ ਹੈ ਅਤੇ ਇਹ ਫ਼ੈਸਲਾ ਕਰਦੀ ਹੈ ਕਿ ਇਸ ਵਿੱਚ ਕਾਫੀ ਸਬੂਤ ਹਨ ਜਾਂ ਨਹੀਂ। ਇਸ ਤੋਂ ਇਲਾਵਾ, ਅਟਾਰਨੀ ਜਨਰਲ, ਜੋ ਕਿ ਕ੍ਰਾਊਨ ਲਈ ਸਭ ਤੋਂ ਸੀਨੀਅਰ ਲਾਅ ਅਫਸਰ ਹੁੰਦਾ ਹੈ, ਦੀ ਮਨਜ਼ੂਰੀ ਤੋਂ ਬਿਨਾਂ ਨਸਲੀ ਨਫ਼ਰਤ ਦੀ ਉਕਸਾਹਟ ਦਾ ਕੇਸ ਨਹੀਂ ਲਿਆਂਦਾ ਜਾ ਸਕਦਾ।

ਕਾਨੂੰਨ ਦੇ ਘੇਰੇ ਵਿੱਚ ਸਿਰਫ਼ ਉਹੀ ਕਾਰਵਾਈਆਂ ਆਉਂਦੀਆਂ ਹਨ ਜੋ ਨਸਲੀ ਨਫ਼ਰਤ ਦੇ ਇਰਾਦੇ ਨਾਲ ਕੀਤੀਆਂ ਜਾਂਦੀਆਂ ਹਨ ਜਾਂ ਜਿਨ੍ਹਾਂ ਦੀ ਨਸਲੀ ਨਫ਼ਰਤ ਨੂੰ ਭੜਕਾਉਣ ਦੀ ਸੰਭਾਵਨਾ ਹੁੰਦੀ ਹੈ। ਹਾਲਾਂਕਿ ''ਨਸਲ'' ਜਾਂ ''ਨਸਲਵਾਦ'' ਬਾਰੇ ਪਰਿਭਾਸ਼ਾ ਬਹੁਤ ਵਿਆਪਕ ਹੈ, ਪਰ ਇਹ ਸਪਸ਼ਟ ਹੈ ਕਿ ਇਹ ''ਧਾਰਮਿਕ'' ਨਫ਼ਰਤ ਨੂੰ ਸ਼ਾਮਲ ਨਹੀਂ ਕਰਦੀ।

## ਧਾਰਮਿਕ ਨਫ਼ਰਤ ਲਈ ਉਕਸਾਹਟ

ਧਾਰਮਿਕ ਨਫ਼ਰਤ ਦਾ ਅਪਰਾਧ ਸੰਸਦ ਵੱਲੋਂ ਬਣਾਇਆ ਗਿਆ ਅਤੇ ਇਹ 1 ਅਕਤੂਬਰ 2007 ਨੂੰ ਲਾਗੂ ਹੋਇਆ। ਐਪਰ, ਇਹ ਕਾਨੂੰਨ ਨਸਲੀ ਨਫ਼ਰਤ ਦੇ ਕਾਨੂੰਨ ਤੋਂ ਬਹੁਤ ਵੱਖਰਾ ਹੈ ਜੋ ਪਹਿਲਾਂ ਹੀ ਕਾਨੂੰਨ ਦੀਆਂ ਕਿਤਾਬਾਂ ਵਿੱਚ ਸ਼ਾਮਲ ਹੈ ਅਤੇ ਉਸ ਵਿੱਚ ਇਹ ਸਿਰਫ਼ *ਧਮਕੀ ਦੇਣ* ਵਾਲੇ ਸ਼ਬਦਾਂ ਜਾਂ ਵਿਹਾਰ (ਅਪਮਾਨ ਜਾਂ ਬਦਜ਼ੁਬਾਨੀ ਨਹੀਂ) ਨੂੰ ਸ਼ਾਮਲ ਕਰਦਾ ਹੈ ਅਤੇ ਸਿਰਫ਼ ਉਹਨਾਂ ਸ਼ਬਦਾਂ ਅਤੇ ਵਿਹਾਰ ਨੂੰ ਸ਼ਾਮਲ ਕਰਦਾ ਹੈ ਜੋ ਧਾਰਮਿਕ ਨਫ਼ਰਤ ਨੂੰ ਭੜਕਾਉਣ ਦੇ *ਇਰਾਦੇ* ਨਾਲ ਕੀਤੇ ਗਏ ਹੋਣ (ਨਾ ਕਿ ਜਿਨ੍ਹਾਂ ਦੁਆਰਾ ਨਫ਼ਰਤ ਨੂੰ ਭੜਕਾਉਣ ਦੀ ਸੰਭਾਵਨਾ ਹੁੰਦੀ ਹੈ)।

ਇਸ ਤਰ੍ਹਾਂ ਕਾਨੂੰਨ ਦੇ ਤਹਿਤ ਧਾਰਮਿਕ ਨਫ਼ਰਤ ਨੂੰ ਭੜਕਾਉਣ ਦੇ ਇਰਾਦੇ ਨਾਲ ਕੀਤੀ ਗਈ ਬਦਜ਼ੁਬਾਨੀ ਜਾਂ ਅਪਮਾਨਜਨਕ ਵਿਹਾਰ ਅਪਰਾਧ ਨਹੀਂ ਬਣਦਾ, ਅਤੇ ਨਾ ਹੀ ਧਾਰਮਿਕ ਨਫ਼ਰਤ ਭੜਕਾਉਣ ਦੀ ਸਨਬਾਵਨਾ ਵਾਲੇ ਧਮਕੀ ਭਰੇ ਸ਼ਬਦ ਅਓਪਰਾਧ ਹੈ।

ਨਵੇਂ ਕਾਨੂੰਨ ਵਿੱਚ ਬੋਲਣ ਦੀ ਸੁੰਤਤਰਤਾ ਦੇ ਬਚਾਅ ਨੂੰ ਸ਼ਾਮਲ ਕੀਤਾ ਗਿਆ ਹੈ ਜਿਸ ਅਨੁਸਾਰ ਇਸ ਦਾ ਇਸਤੇਮਾਲ ਕਿਸੇ ਧਰਮ ਜਾਂ ਇਸ ਦੀਆਂ ਆਸਥਾਵਾਂ ਜਾਂ ਰੀਤਾਂ ਦੇ ਵਿਚਾਰ-ਵਟਾਂਦਰੇ, ਆਲੋਚਨਾ, ਦਵੈਖ ਭਾਵ, ਨਾਪੰਸਦੀ, ਵਿਅੰਗ ਕਰਨ, ਅਪਮਾਨ ਜਾਂ ਗਾਲ੍ਹਾਂ ਦੀ ਪਾਬੰਦੀ ਜਾਂ ਮਨਾਹੀ ਲਈ ਨਹੀਂ ਕੀਤਾ ਜਾ ਸਕਦਾ।

ਇਸ ਲਈ ਨਸਲੀ ਨਫ਼ਰਤ (ਜਿਸ ਲਈ ਮਾਪਦੰਡ ਪਹਿਲਾਂ ਹੀ ਢੁਕਵੇਂ ਢੰਗ ਨਾਲ ਉੱਚਾ ਹੈ) ਤੋਂ ਉਲਟ ਧਾਰਮਿਕ ਨਫ਼ਰਤ ਦੀ ਭੜਕਾਹਟ ਲਈ ਮੁਕੱਦਮਾ ਚਲਾਉਣਾ ਹੋਰ ਵੀ ਮੁਸ਼ਕਲ ਹੋ ਜਾਵੇਗਾ।

ਇਸ ਤਰ੍ਹਾਂ ਦੇ ਅਪਰਾਧ ਵਾਸਤੇ ਮੁਕੱਦਮਾ ਚਲਾਉਣ ਲਈ ਅਟਾਰਨੀ ਜਨਰਲ ਦੀ ਸਹਿਮਤੀ ਦੀ ਲੋੜ ਹੁੰਦੀ ਹੈ ਅਤੇ ਇਸ ਨਾਲ ਬਿਲਕੁਲ ਉਸੇ ਤਰ੍ਹਾਂ ਦੇ ਪ੍ਰਬੰਧਾਂ ਨਾਲ ਨਜਿੱਠਿਆ ਜਾਵੇਗਾ ਜਿਸ ਤਰ੍ਹਾਂ ਨਸਲੀ ਨਫ਼ਰਤ ਦੇ ਅਪਰਾਧਾਂ ਨਾਲ ਨਜਿੱਠਿਆ ਜਾਂਦਾ ਹੈ।

## ਫੁੱਟਬਾਲ ਮੈਚਾਂ ਵਿੱਚ ਨਸਲੀ ਫਿਕਰੇਬਾਜ਼ੀ ਦਾ ਉਚਾਰਣ

ਅਪਰਾਧਾਂ ਦੀਆਂ ਕਿਸਮਾਂ

ਲੱਖਾਂ ਲੋਕ ਫੁੱਟਬਾਲ ਵਿੱਚ ਦਿਲਚਸਪੀ ਲੈਂਦੇ ਹਨ ਅਤੇ ਬਹੁਤੇ ਤਾਂ ਸੀਜ਼ਨ ਦੌਰਾਨ ਚਲ ਰਹੇ ਮੈਚਾਂ ਨੂੰ ਮੈਦਾਨ ਵਿੱਚ ਜਾ ਕੇ ਦੇਖਦੇ ਹਨ। ਹਾਲਾਂਕਿ ਸਮੂਹਿਕ ਨਸਲੀ ਫਿਕਰੇਬਾਜ਼ੀ ਦਾ ਉਚਾਰਣ ਪਹਿਲਾਂ ਨਾਲੋਂ ਬਹੁਤ ਘੱਟ ਹੈ, ਪਰ ਫੁੱਟਬਾਲ ਦੀ ਖੇਡ ਅੰਦਰ ਨਸਲੀ ਸ਼ੋਸ਼ਣ ਅਤੇ ਪਰੇਸ਼ਾਨ ਕਰਨ ਦੀਆਂ ਕਈ ਸਮੱਸਿਆਵਾਂ ਲਗਾਤਾਰ ਜਾਰੀ ਹਨ।

ਨਸਲੀ ਫਿਕਰੇਬਾਜ਼ੀ ਦੇ ਉਚਾਰਣ ਦਾ ਅਪਰਾਧ ਉਸ ਵੇਲੇ ਹੁੰਦਾ ਹੈ ਜਦੋਂ ਕੋਈ ਵਿਅਕਤੀ ਜਾਂ ਲੋਕਾਂ ਦਾ ਸਮੂਹ ਕਿਸੇ ਵਿਸ਼ੇਸ਼ ਮੈਚ, ਜਿਸਨੂੰ ਪ੍ਰੀਮਿਅਰ ਲੀਗ, ਫੁੱਟਬਾਲ ਲੀਗ ਜਾਂ ਕਾਨਫਰੰਸ ਲੀਗ ਦੀਆਂ ਟੀਮਾਂ ਵਿਚਾਲੇ ਮੈਚ ਵੱਜੋਂ ਪਰਿਭਾਸ਼ਤ ਕੀਤਾ ਜਾਂਦਾ ਹੈ, ਵਿੱਚ ਨਸਲਵਾਦੀ ਪ੍ਰਕਿਰਤੀ ਦੇ ਸ਼ਬਦਾਂ ਜਾਂ ਅਵਾਜ਼ ਦਾ ਵਾਰ-ਵਾਰ ਉਚਾਰਣ ਕਰਦਾ ਹੈ। ''ਨਸਲਵਾਦੀ'' ਦਾ ਮਤਲਬ ਉਹੀ ਹੈ ਜੋ ਨਸਲੀ ਦਾ ਹੈ।

ਜੇ ਜੁਰਮ ਸਾਬਤ ਹੁੰਦਾ ਹੈ ਤਾਂ ਦੋਸ਼ੀ ਵਿਅਕਤੀ ਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ, ਇਸ ਤੋਂ ਇਲਾਵਾ, ਉਸ 'ਤੇ ਦੇਸ਼ ਅਤੇ ਵਿਦੇਸ਼ ਵਿੱਚ ਫੁੱਟਬਾਲ ਮੈਚਾਂ ਵਿੱਚ ਭਾਗ ਲੈਣ 'ਤੇ ਪਾਬੰਦੀ ਵੀ ਲੱਗ ਸਕਦੀ ਹੈ।

ਹਾਲਾਂਕਿ ਇਹ ਅਪਰਾਧ ਫੁੱਟਬਾਲ ਮੈਦਾਨਾਂ ਅੰਦਰ ਕਿਸੇ ਖਾਸ ਨਸਲੀ ਵਿਹਾਰ ਨਾਲ ਨਜਿੱਠਣ ਲਈ ਬਣਾਇਆ ਗਿਆ ਹੈ ਅਤੇ ਇਹ ਸਪਸ਼ਟ ਤੌਰ 'ਤੇ ਧਾਰਮਿਕ ਪ੍ਰਕਿਰਤੀ ਦੀ ਫਿਕਰੇਬਾਜ਼ੀ ਦੇ ਉਚਾਰਣ 'ਤੇ ਲਾਗੂ ਨਹੀਂ ਹੁੰਦਾ, ਪਰ ਇਹ ਸਿਰਫ਼ ਇੱਕਮਾਤਰ ਜ਼ਰੀਆ ਨਹੀਂ ਹੈ ਜਿਸ ਰਾਹੀਂ ਅਸੀਂ ਨਸਲੀ ਜਾਂ ਧਾਰਮਿਕ ਜੁਰਮ ਦਾ ਮੁਕਾਬਲਾ ਕਰ ਸਕਦੇ ਹਾਂ।

ਕੁਝ ਹਾਲਾਤ ਵਿੱਚ, ਫੁੱਟਬਾਲ ਨਾਲ ਸੰਬੰਧਤ ਨਸਲੀ ਜਾਂ ਧਾਰਮਿਕ ਜੁਰਮ ਹੋਰਨਾਂ ਕਾਨੂੰਨਾਂ ਦੇ ਇਸਤੇਮਾਲ ਨਾਲ ਜਿਆਦਾ ਢੁਕਵੇਂ ਢੰਗ ਨਾਲ ਨਜਿੱਠੇ ਜਾ ਸਕਦੇ ਹਨ, ਜਿਵੇਂ ਕਿ ਨਸਲੀ ਜਾਂ ਧਾਰਮਿਕ ਪ੍ਰਚੰਡਤਾ ਨਾਲ ਸੰਬੰਧਤ ਜਨਤਕ ਵਿਵਸਥਾ ਵਾਲੇ ਅਪਰਾਧ। ਉਦਾਹਰਨ ਲਈ:

- ਜਦੋਂ ਅਪਰਾਧ ਨੀਯਤ ਫੁੱਟਬਾਲ ਮੈਚ ਦੇ ਸਟੇਡੀਅਮ ਤੋਂ ਬਾਹਰ ਹੋਇਆ ਹੋਵੇ;
- ਜੇ ਜਨਤਕ ਵਿਵਸਥਾ ਦਾ ਅਪਰਾਧ ਹੋਇਆ ਹੋਵੇ ਜਿੱਥੇ ਸ਼ਿਕਾਰ ਹੋਏ ਵਿਅਕਤੀ ਪ੍ਰਤੀ ਨਸਲੀ ਵੈਰ-ਵਿਰੋਧਤਾ ਤੋਂ ਉਲਟ ਧਾਰਮਿਕ ਵੈਰ-ਵਿਰੋਧਤਾ ਦਾ ਪ੍ਰਦਰਸ਼ਨ ਕੀਤਾ ਗਿਆ ਹੋਵੇ;
- ਕਿਸੇ ਗੈਰ-ਨੀਯਤ ਫੁੱਟਬਾਲ ਮੈਚਾਂ 'ਤੇ, ਜਿਵੇਂ ਕਿ ਗੈਰਪੇਸ਼ਾਵਰ ਖੇਡਾਂ;

ਅਸੀਂ ਫੁੱਟਬਾਲ ਦੇ ਸੰਦਰਭ ਵਿੱਚ ਕੀਤੇ ਗਏ ਨਸਲੀ ਜਾਂ ਧਾਰਮਿਕ ਜੁਰਮਾਂ ਬਾਰੇ ਧਿਆਨ ਨਾਲ ਵਿਚਾਰ ਕਰਾਂਗੇ, ਇਹ ਯਕੀਨੀ ਬਣਾਉਣ ਲਈ ਕਿ ਅਸੀਂ ਉਸ ਅਪਰਾਧ (ਜਾਂ ਅਪਰਾਧਾਂ) 'ਤੇ ਮੁਕੱਦਮਾ ਚਲਾਈਏ ਜੋ ਅਪਰਾਧੀ ਦੇ ਵਿਹਾਰ ਨੂੰ ਸਭ ਤੋਂ ਢੁਕਵੇਂ ਢੰਗ ਨਾਲ ਪ੍ਰਤੀਬਿੰਬਤ ਕਰਦਾ ਹੈ ਅਤੇ ਜਿਸ ਨਾਲ ਅਦਾਲਤ ਕਿਸੇ ਵੀ ਨਸਲੀ ਜਾਂ ਧਾਰਮਿਕ ਵੈਰ-ਵਿਰੋਧਤਾ ਜਾਂ ਪ੍ਰੇਰਣਾ ਬਾਰੇ ਵਿਚਾਰ ਕਰ ਸਕਦੀ ਹੈ।

## ਹੋਰ ਧਾਰਮਿਕ ਅਪਰਾਧ

ਧਾਰਮਿਕ ਪ੍ਰਚੰਡਤਾ ਵਾਲੇ ਅਪਰਾਧਾਂ ਤੋਂ ਇਲਾਵਾ, ਹੋਰ ਕਈ ਧਾਰਮਿਕ ਅਪਰਾਧ ਹਨ ਜਿਹਨਾਂ ਲਈ ਮੁਕੱਦਮਾ ਚਲਾਇਆ ਜਾ ਸਕਦਾ ਹੈ।

**ਧਰਮ ਦੀ ਬੇਅਦਬੀ** ਇਸਾਈ ਧਰਮ 'ਤੇ ਹਮਲਾ ਹੈ, ਜ਼ੁਬਾਨੀ ਜਾਂ ਲਿਖ਼ਤੀ, ਇਸ ਨੂੰ ਅਜਿਹੇ ਸ਼ਬਦਾਂ ਦੇ ਦੇ ਰੂਪ ਵਿੱਚ ਲਿਆ ਜਾਂਦਾ ਹੈ, ਜੋ ਇਸਾਈ ਧਰਮ ਨੂੰ ਮੰਨਣ ਵਾਲੇ ਜ਼ਿਅਦਾਤਰ ਲੋਕਾਂ ਦੀਆਂ ਭਾਵਨਾਵਾਂ ਨੂੰ ਧੱਕਾ ਪਹੁੰਚਾ ਸਕਦੀਆਂ ਹਨ ਜਾਂ ਬੇਇਜ਼ਤ ਕਰ ਸਕਦੀਆਂ ਹਨ। ਤਾਂ ਵੀ, ਲੋਕ ਧਰਮ ਵਿਰੋਧੀ ਵਿਚਾਰ ਪ੍ਰਗਟਾਉਣ ਲਈ ਅਜ਼ਾਦ ਹਨ ਬਸ਼ਰਤੇ ਉਹ ਵਾਜਬ ਢੰਗ ਨਾਲ ਅਜਿਹਾ ਕਰਨ। ਇਸ ਦੇ ਨਤੀਜੇ ਵੱਜੋਂ ਪਿਛਲੇ 80 ਸਾਲਾਂ ਦੌਰਾਨ ਸਿਰਫ਼ ਇੱਕ ਮੁਕੱਦਮਾ ਚਲਾਇਆ ਗਿਆ ਹੈ। ਐਪਰ, ਅਸੀਂ, ਸਾਡੇ ਕੋਲ ਭੇਜੇ ਕਿਸੇ ਵੀ ਕੇਸ 'ਤੇ ਧਿਆਨ ਨਾਲ ਵਿਚਾਰ ਕਰਾਂਗੇ ਅਤੇ ਉਪਲਬਧ ਸਬੂਤ ਦੇ ਅਧਾਰ 'ਤੇ ਫ਼ੈਸਲਾ ਕਰਾਂਗੇ।

ਕੁਝ ਹੋਰ ਧਾਰਮਿਕ ਅਪਰਾਧ ਜਿਹਨਾਂ ਲਈ ਮੁਕੱਦਮਾ ਚਲਾਇਆ ਜਾ ਸਕਦਾ ਹੈ, ਵਿੱਚ ਸ਼ਾਮਲ ਹਨ:

- ਪੂਜਾ ਵਾਲੇ ਅਸਥਾਨਾਂ 'ਤੇ ਹਿੰਸਕ ਜਾਂ ਅਭੱਦਰ ਵਿਹਾਰ;
- ਧਾਰਮਿਕ ਆਗੂਆਂ 'ਤੇ ਹਮਲਾ ਕਰਨਾ ਜਾਂ ਉਹਨਾਂ ਨੂੰ ਧਾਰਮਿਕ ਸੇਵਾਵਾਂ ਨਿਭਾਉਣ ਤੋਂ ਰੋਕਣਾ;
- ਕਬਰਸਤਾਨ ਵਿੱਚ ਖਲਲ ਪਾਉਣਾ; ਅਤੇ
- ਜਨਾਜ਼ੇ ਵਿੱਚ ਵਿਘਨ ਜਾਂ ਰੁਕਾਵਟ ਪਾਉਣੀ।

ਇਹਨਾਂ ਵਿੱਚੋਂ ਬਹੁਤੇ ਅਪਰਾਧ ਪਾਰਲੀਮੈਂਟ ਦੇ ਬਹੁਤ ਪੁਰਾਣੇ ਕਾਨੂੰਨਾਂ ਵਿੱਚ ਸ਼ਾਮਲ ਹਨ ਅਤੇ ਉਹਨਾਂ ਦਾ ਇਸਤੇਮਾਲ ਬਹੁਤ ਘੱਟ ਹੁੰਦਾ ਹੈ ਕਿਉਂਕਿ ਇਹਨਾਂ ਵਿੱਚ ਸ਼ਾਮਲ ਮੁਜਰਮਾਨਾ ਵਿਹਾਰ ਨਾਲ ਹੋਰਨਾਂ ਅਪਰਾਧਾਂ ਰਾਹੀਂ ਦੋਸ਼ ਆਇਦ ਕਰਕੇ ਨਜਿੱਠਿਆ ਜਾ ਸਕਦਾ ਹੈ ਜੋ ਜ਼ਿਆਦਾ ਪ੍ਰਚਲਿਤ ਹਨ ਅਤੇ ਜਿਨ੍ਹਾਂ ਵਿੱਚ ਵੱਧ ਸਜਾਵਾਂ ਵੀ ਹਨ। ਧਰਮ ਦੀ ਬੇਅਦਬੀ ਤੋਂ ਉਲਟ, ਉਪਰ ਸੂਚੀ ਵਿੱਚ ਦਿੱਤੇ ਗਏ ਅਪਰਾਧ ਸਾਰੇ ਧਰਮਾਂ ਅਤੇ ਉਹਨਾਂ ਦੇ ਪੂਜਾ ਅਸਥਾਨਾਂ ਜਾਂ ਅੰਤਮ ਸੰਸਕਾਰ ਵਾਲੀਆਂ ਥਾਵਾਂ 'ਤੇ ਹੋ ਸਕਦੇ ਹਨ।

## ਹੋਰਨਾਂ ਸਾਰੇ ਅਪਰਾਧਾਂ ਵਿੱਚ ਨਸਲੀ ਅਤੇ ਧਾਰਮਿਕ ਅੰਸ਼ 'ਤੇ ਵਿਚਾਰ ਕਰਨਾ

ਜਦੋਂ ਕਿਸੇ ਅਪਰਾਧ ਲਈ ਸਪਸ਼ਟ ਤੌਰ 'ਤੇ ਨਸਲੀ ਜਾਂ ਧਾਰਮਿਕ ਪ੍ਰਚੰਡਤਾ ਵਾਲੇ ਅਪਰਾਧ ਜਾਂ ਉੱਪਰ ਵਰਣਿਤ ਹੋਰਨਾਂ ਅਪਰਾਧਾਂ ਵਿੱਚੋਂ ਕਿਸੇ ਅਪਰਾਧ ਤਹਿਤ ਦੋਸ਼ ਆਇਦ ਨਹੀਂ ਕੀਤਾ ਜਾਂਦਾ, ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਨਸਲੀ ਜਾਂ ਧਾਰਮਿਕ ਪ੍ਰਚੰਡਤਾ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਵੇਗਾ। ਅਦਾਲਤ ਨੂੰ ਉਸ ਕਿਸੇ ਵੀ ਕੇਸ ਵਿੱਚ ਨਸਲੀ ਜਾਂ ਧਾਰਮਿਕ ਪ੍ਰਚੰਡਤਾ ਦੇ ਸਬੂਤ ਬਾਰੇ ਵਿਚਾਰ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ ਜਿਹਨਾਂ ਦੇ

ਅਪਰਾਧਾਂ ਦੀਆਂ ਕਿਸਮਾਂ

ਦੋਸ਼ ਆਪਣੇ ਆਪ ਵਿੱਚ ਨਸਲੀ ਜਾਂ ਧਾਰਮਿਕ ਪ੍ਰਚੰਡਤਾ ਵਾਲੇ ਅਪਰਾਧਾਂ ਤਹਿਤ ਆਇਦ ਨਹੀਂ ਹੋਏ ਹਨ।

ਮਿਸਾਲ ਦੇ ਤੌਰ 'ਤੇ, ਜੇ ਕੋਈ ਵਿਅਕਤੀ ਕਿਸੇ ਏਸ਼ੀਅਨ ਡਰਾਇਵਰ ਵੱਲੋਂ ਚਲਾਈ ਜਾਂਦੀ ਟੈਕਸੀ ਵਿੱਚੋਂ ਬਾਹਰ ਨਿਕਲ ਕੇ ਭੁਗਤਾਨ ਦਿੱਤੇ ਬਗੈਰ ਦੌੜ ਜਾਂਦਾ ਹੈ, ਤਾਂ ਉਹ ਵਿਅਕਤੀ ''ਬਗੈਰ ਭੁਗਤਾਨ ਕੀਤੇ ਦੌੜ ਜਾਣ'' ਦਾ ਅਪਰਾਧ ਕਰਦਾ ਹੈ। ਜੇ ਉਹ ਵਿਅਕਤੀ ਉਸੇ ਸਮੇਂ ਏਸ਼ੀਅਨਾਂ ਬਾਰੇ ਅਜਿਹੀਆਂ ਟਿੱਪਣੀਆਂ ਕਰਦਾ ਹੈ ਜੋ ਇਹ ਤਜਵੀਜ਼ ਕਰੇ ਕਿ ਭਾੜਾ ਨਾ ਦੇਣ ਪਿੱਛੇ ਉਸਦਾ ਇਰਾਦਾ ਨਸਲੀ ਸੀ ਤਾਂ ਅਜਿਹੇ ਅਪਰਾਧ ਦੇ ਨਸਲੀ ਪ੍ਰਚੰਡਤਾ ਵਾਲੇ ਅਪਰਾਧ ਵੱਜੋ ਦੋਸ਼ ਆਇਦ ਨਹੀਂ ਕੀਤੇ ਜਾ ਸਕਦੇ। ਕਿਉਂਕਿ ''ਬਗੈਰ ਭੁਗਤਾਨ ਕੀਤੇ ਦੌੜ ਜਾਣ'' ਦਾ ਅਪਰਾਧ ਅਜਿਹੇ ''ਮੁਢਲੇ'' ਅਪਰਾਧਾਂ ਵਿੱਚੋਂ ਨਹੀਂ ਹੈ ਜਿਸ ਲਈ ਕਾਨੂੰਨ ਸਾਨੂੰ ਸਪਸ਼ਟ ਤੌਰ ਨਸਲੀ ਪ੍ਰਚੰਡਤਾ ਵਾਲੇ ਅਪਰਾਧ ਵੱਜੋਂ ਦੋਸ਼ ਆਇਦ ਕਰਨ ਦੀ ਇਜਾਜ਼ਤ ਦਿੰਦਾ ਹੈ।

ਐਪਰ, ਇਸਦਾ ਇਹ ਮਤਲਬ ਨਹੀਂ ਹੈ ਕਿ ਨਸਲੀ ਅੰਸ਼ ਦੀ ਅਣਦੇਖੀ ਕਰ ਦਿੱਤੀ ਜਾਂਦੀ ਹੈ। ਅਜਿਹੀ ਸਥਿਤੀ ਵਿੱਚ, ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਦਾਲਤ ਨੂੰ ਉਹਨਾਂ ਟਿੱਪਣੀਆਂ ਅਤੇ ਤਰਕ ਬਾਰੇ ਦੱਸਿਆ ਜਾਵੇ ਕਿ ਇਹਨਾਂ ਦੇ ਨਤੀਜੇ ਵੱਜੋਂ ਅਪਰਾਧ ਨਸਲਵਾਦ ਤੋਂ ਪ੍ਰੇਰਤ ਸੀ। ਜੇ ਅਦਾਲਤ ਇਸ ਨੂੰ ਸਵੀਕਾਰ ਕਰ ਲੈਂਦੀ ਹੈ ਤਾਂ ਇਸ ਨੂੰ ਵੱਧ ਸਜ਼ਾ ਦੇਣੀ ਪਏਗੀ।

ਜਦੋਂ ਕਿਸੇ ਦੋਸ਼ੀ ਨੂੰ ਮੁਜਰਮ ਪਾਇਆ ਜਾਂਦਾ ਹੈ ਅਤੇ ਜਦੋਂ ਅਦਾਲਤ ਲਗਾਈ ਜਾਣ ਵਾਲੀ ਸਜ਼ਾ ਬਾਰੇ ਫ਼ੈਸਲਾ ਕਰ ਰਹੀ ਹੋਵੇ, ਤਾਂ ਇਸ ਨੂੰ ਨਸਲੀ ਜਾਂ ਧਾਰਮਿਕ ਪ੍ਰਚੰਡਤਾ ਵਾਲੇ ਸਬੂਤ ਨੂੰ ਇਸ ਤਰ੍ਹਾਂ ਲੈਣਾ ਚਾਹੀਦਾ ਹੈ ਕਿ ਜਿਸ ਨਾਲ ਅਪਰਾਧ ਹੋਰ ਗੰਭੀਰ ਬਣਦਾ ਹੋਵੇ। ਅਦਾਲਤ ਨੂੰ ਉਹਨਾਂ ਤੱਥਾਂ ਦਾ ਖੁੱਲ੍ਹੇਆਮ ਬਿਆਨ ਕਰਨਾ ਚਾਹੀਦਾ ਹੈ ਤਾਂ ਜੋ ਹਰ ਕਿਸੇ ਨੂੰ ਪਤਾ ਲੱਗ ਸਕੇ ਕਿ ਨਸਲੀ ਜਾਂ ਧਾਰਮਿਕ ਪ੍ਰਚੰਡਤਾ ਦੇ ਕਾਰਨ ਅਪਰਾਧ ਨੂੰ ਜਿਆਦਾ ਗੰਭੀਰਤਾ ਨਾਲ ਲਿਆ ਗਿਆ ਹੈ।

# 4 ਸੀ.ਪੀ.ਐਸ. ਦੀ ਭੂਮਿਕਾ

ਸੀ.ਪੀ.ਐਸ. ਫੌਜਦਾਰੀ ਨਿਆਂਇਕ ਪ੍ਰਣਾਲੀ ਦਾ ਇੱਕ ਹਿੱਸਾ ਹੈ, ਜਿਸ ਵਿੱਚ ਹੋਰ ਸੰਸਥਾਵਾਂ ਜਿਵੇਂ ਕਿ ਪੁਲਿਸ, ਅਦਾਲਤਾਂ, ਬਚਾਅ ਪੱਖ ਦੇ ਵਕੀਲ, ਪ੍ਰੋਬੇਸ਼ਨ ਸਰਵਿਸ, ਯੂਥ ਓਫੈਂਡਰ ਟੀਮਾਂ (YOTs), ਵਿਟਨੈਸ ਸਰਵਿਸ ਅਤੇ ਪ੍ਰਿਜ਼ਨ ਸਰਵਿਸ ਸ਼ਾਮਲ ਹਨ। ਅਸੀਂ ਪੁਲਿਸ, ਸੀ.ਪੀ.ਐਸ. ਅਤੇ ਅਦਾਲਤਾਂ ਦੀ ਪ੍ਰਮੁੱਖ ਭੂਮਿਕਾ ਦਾ ਸਾਰ **ਅੰਤਿਕਾ ਬੀ** ਦੇ ਚਿੱਤਰ ਵਿੱਚ ਦਿੱਤਾ ਹੈ।

ਅਸੀਂ ਇੰਗਲੈਂਡ ਅਤੇ ਵੇਲਜ਼ ਲਈ ਜਨਤਕ ਸੇਵਾ ਹਾਂ, ਸਾਡਾ ਮੁਖੀ ਡਾਇਰੈਕਟਰ ਆਫ ਪਬਲਿਕ ਪ੍ਰੋਸੀਕਿਊਸ਼ਨਸ ਹੁੰਦਾ ਹੈ। ਸਾਡੀ ਸਥਾਪਨਾ 1986 ਵਿੱਚ ਪੁਲਿਸ ਵੱਲੋਂ ਜਾਂਚ ਕੀਤੇ ਕੇਸਾਂ 'ਤੇ ਮੁਕੱਦਮਾ ਚਲਾਉਣ ਲਈ ਹੋਈ ਸੀ। ਹਾਲਾਂਕਿ ਅਸੀਂ ਪੁਲਿਸ ਨਾਲ ਬਹੁਤ ਨੇੜਤਾ ਨਾਲ ਮਿਲ ਕੇ ਕੰਮ ਕਰਦੇ ਹਾਂ ਪਰ ਅਸੀਂ ਉਹਨਾਂ ਤੋਂ ਸੁਤੰਤਰ ਹਾਂ। ਅਸੀਂ ਅਟਾਰਨੀ ਜਨਰਲ ਜ਼ਰੀਏ ਪਾਰਲੀਮੈਂਟ ਪ੍ਰਤੀ ਜਵਾਬਦੇਹ ਹਾਂ, ਜੋ ਕ੍ਰਾਊਨ ਲਈ ਸੀਨੀਅਰ ਲਾਅ ਅਫਸਰ ਅਤੇ ਨਾਲ ਹੀ ਗਵਰਨਮੈਂਟ ਮਿਨਿਸਟਰ ਹੁੰਦਾ ਹੈ।

ਅਸੀਂ ਇੱਕ ਕੌਮੀ ਸੰਸਥਾ ਹਾਂ ਜਿਸ ਵਿੱਚ 42 ਇਲਾਕੇ ਸ਼ਾਮਲ ਹਨ। ਹਰੇਕ ਇਲਾਕੇ ਦਾ ਮੁਖੀ ਚੀਫ ਕ੍ਰਾਊਨ ਪ੍ਰੋਸੀਕਿਊਟਰ ਹੁੰਦਾ ਹੈ ਅਤੇ ਇਹ ਇੱਕਲੇ ਪੁਲਿਸ ਫੋਰਸ ਇਲਾਕੇ ਨਾਲ ਜੁੜਿਆ ਹੁੰਦਾ ਹੈ, ਜਿਸ ਦੇ ਇੱਕ ਇਲਾਕੇ ਵਿੱਚ ਲੰਡਨ ਸ਼ਾਮਲ ਹੈ। 42 ਇਲਾਕਿਆਂ ਨੂੰ ਹੁਣ 14 ਸਟ੍ਰੈਟਿਜਿਕ ਬੋਰਡਾਂ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ, ਇਸ ਵਿੱਚ ਸੀ.ਪੀ.ਐਸ. ਲੰਡਨ ਸ਼ਾਮਲ ਨਹੀਂ ਹੈ, ਜਿਸ ਦੀ ਲੰਡਨ ਦੇ ਚੀਫ਼ ਕ੍ਰਾਊਨ ਪ੍ਰੋਸੀਕਿਊਟਰ ਦੀ ਅਗਵਾਈ ਹੇਠ ਆਪਣੀ ਹੀ ਪ੍ਰਬੰਧਕੀ ਟੀਮ ਹੈ। ਹਰੇਕ ਸਟ੍ਰੈਟਿਜਿਕ ਬੋਰਡ ਦਾ ਮੁਖੀ ਗਰੁੱਪ ਚੇਅਰ ਚੀਫ ਕ੍ਰਾਊਨ ਪ੍ਰੋਸੀਕਿਊਟਰ ਹੁੰਦਾ ਹੈ।

# 5 ਕ੍ਰਾਊਨ ਪ੍ਰੋਸੀਕਿਊਟਰਾਂ ਲਈ ਨਿਯਮਾਵਲੀ

ਕ੍ਰਾਊਨ ਪ੍ਰੋਸੀਕਿਊਟਰਾਂ ਲਈ ਨਿਯਮਾਵਲੀ (ਕੋਡ ਫਾਰ ਕ੍ਰਾਊਨ ਪ੍ਰੋਸੀਕਿਊਟਰਜ਼) ਇਸ ਬਾਰੇ ਦਸਦੀ ਹੈ ਕਿ ਅਸੀਂ ਇਹ ਫ਼ੈਸਲੇ ਕਿਵੇਂ ਕਰਦੇ ਹਾਂ ਕਿ ਮੁਕੱਦਮਾ ਚਲਾਇਆ ਜਾਵੇ ਜਾਂ ਨਹੀਂ। ਨਿਯਮਾਵਲੀ ਇਕ ਜਨਤਕ ਦਸਤਾਵੇਜ਼ ਹੈ। ਪੁਲਿਸ ਵੱਲੋਂ ਸਾਡੇ ਵੱਲ ਭੇਜੇ ਗਏ ਕੇਸਾਂ ਦੀ ਪੜਚੋਲ ਅਸੀਂ ਨਿਯਮਾਵਲੀ ਵਿੱਚ ਦੱਸੀ ਗਈ ਜਾਂਚ ਦੀ ਤਰਜ਼ 'ਤੇ ਕਰਦੇ ਹਾਂ। ਇਸ ਜਾਂਚ ਦੇ ਦੋ ਪੜਾਅ ਹਨ।

## ਸਬੂਤ ਵਾਲਾ ਪੜਾਅ

ਸਭ ਤੋਂ ਪਹਿਲਾਂ ਤਾਂ ਸਾਨੂੰ ਇਸ ਗੱਲ ਦੀ ਤਸੱਲੀ ਹੋਣੀ ਜ਼ਰੂਰੀ ਹੈ ਕਿ ਹਰੇਕ ਪ੍ਰਤੀਵਾਦੀ 'ਤੇ ਲੱਗੇ ਹਰੇਕ ਦੋਸ਼ ਲਈ ਜੁਰਮ ਸਾਬਤ ਕਰਨ ਦੀ ਯਥਾਰਥਵਾਦੀ ਸੰਭਾਵਨਾ ਲਈ ਕਾਫ਼ੀ ਸਬੂਤ ਮੌਜੂਦ ਹਨ। ਇਸ ਦਾ ਮਤਲਬ ਹੈ ਕਿ ਕਿਸੇ ਜਿਊਰੀ ਜਾਂ ਮੈਜਿਸਟਰੇਟਾਂ ਦੇ ਬੈਂਚ ਜਾਂ ਕੇਸ ਦੀ ਸੁਣਵਾਈ ਕਰ ਰਹੇ ਇੱਕੋ-ਇੱਕ ਜੱਜ ਵਲੋਂ, ਕਾਨੂੰਨ ਦੇ ਅਨੁਸਾਰ ਢੁਕਵੇਂ ਨਿਰਦੇਸ਼ਾਂ ਦੇ ਤਹਿਤ, ਪ੍ਰਤੀਵਾਦੀ ਨੂੰ ਕਥਿਤ ਦੋਸ਼ਾਂ ਲਈ ਮੁਜਰਮ ਕਰਾਰ ਦੀ ਸੰਭਾਵਨਾ ਮੁਜਰਮ ਨਾ ਕਰਾਰ ਕਰਨ ਨਾਲੋਂ ਵੱਧ ਹੈ।

ਜੁਰਮ ਸਾਬਤ ਕਰਨ ਲਈ, ਸਾਨੂੰ ਕੇਸ ਨੂੰ ਸਾਬਤ ਕਰਨਾ ਪਏਗਾ ਤਾਂ ਜੋ ਅਦਾਲਤ ਨੂੰ ਪ੍ਰਤੀਵਾਦੀ ਦੇ ਜੁਰਮ ਬਾਰੇ ਯਕੀਨ ਹੋ ਸਕੇ।

ਜੇ ਸਬੂਤ ਦੀ ਮਜਬੂਤੀ ਦੇ ਅਧਾਰ 'ਤੇ ਕੇਸ ਪਹਿਲੀ ਜਾਂਚ (ਸਬੂਤਾਂ ਦੀ ਜਾਂਚ) ਵਿੱਚ ਸਫਲ ਨਹੀਂ ਹੁੰਦਾ, ਤਾਂ ਜ਼ਰੂਰੀ ਹੈ ਕਿ ਇਹ ਅੱਗੇ ਨਾ ਵਧੇ, ਭਾਵੇਂ ਇਹ ਕਿੰਨਾ ਵੀ ਅਹਿਮ ਜਾਂ ਗੰਭੀਰ ਹੋਵੇ। ਅਸੀਂ ਇਸ ਗੱਲ ਦੀ ਵਿਆਖਿਆ ਪਹਿਲਾਂ ਹੀ ਕਰ ਚੁੱਕੇ ਹਾਂ ਕਿ ਇਹ ਜ਼ਰੂਰੀ ਨਹੀਂ ਕਿ ਨਸਲੀ/ਧਾਰਮਿਕ ਘਟਨਾ ਦੀ ਪਰਿਭਾਸ਼ਾ 'ਤੇ ਪੂਰਾ ਉਤਰਨ ਵਾਲੇ ਹਰੇਕ ਕੇਸ 'ਤੇ ਮੁਕੱਦਮਾ ਚਲਾਇਆ ਜਾ ਸਕੇ। ਹੋ ਸਕਦਾ ਹੈ ਕਿ ਸਾਡੀ ਇਸ ਤਸੱਲੀ ਲਈ ਕਾਫੀ ਸਬੂਤ ਨਾ ਹੋਣ ਜਿਸ ਦੇ ਅਧਾਰ 'ਤੇ ਅਦਾਲਤ ਵੱਲੋਂ ਪ੍ਰਤੀਵਾਦੀ ਨੂੰ ਮੁਜਰਮ ਠਹਿਰਾਏ ਜਾਣ ਦੀ ਸੰਭਾਵਨਾ ਹੁੰਦੀ ਹੈ।

## ਜਨਤਕ ਹਿਤ ਵਾਲਾ ਪੜਾਅ

ਜੇ ਕੇਸ ਸਬੂਤ ਦੀ ਪਰਖ ਵਿੱਚ ਸਫਲ ਨਹੀਂ ਹੁੰਦਾ, ਤਾਂ ਸਾਡੇ ਲਈ ਇਹ ਫ਼ੈਸਲਾ ਕਰਨਾ ਜ਼ਰੂਰੀ ਪੈਂਦਾ ਹੈ ਕਿ ਕੀ ਜਨਤਕ ਹਿਤ ਲਈ ਮੁਕੱਦਮਾ ਚਲਾਏ ਜਾਣ ਦੀ ਲੋੜ ਹੈ। ਆਮ ਤੌਰ 'ਤੇ ਮੁਕੱਦਮਾ ਚਲਾਇਆ ਜਾਵੇਗਾ ਬਸ਼ਰਤੇ: ''ਮੁਕੱਦਮਾ ਚਲਾਉਣ ਵੱਲ ਲਿਜਾਉਂਦੇ ਜਨਤਕ ਹਿੱਤ ਵਾਲੇ ਅਜਿਹੇ ਕਾਰਕ ਮੌਜੂਦ ਹੋਣ ਜੋ ਸਪਸ਼ਟ ਤੌਰ 'ਤੇ ਮੁਕੱਦਮਾ ਨਾ ਚਲਾਉਣ ਵੱਲ ਲਿਜਾਉਂਦੇ

ਕਾਰਕਾਂ 'ਤੇ ਭਾਰੂ ਹੋਣ।''

ਜਨਤਕ ਹਿਤ ਦੀ ਜਾਂਚ 'ਤੇ ਵਿਚਾਰ ਕਰਦਿਆਂ ਕ੍ਰਾਊਨ ਪ੍ਰੋਸੀਕਿਊਟਰਾਂ ਵਲੋਂ ਵਿਚਾਰ ਕੀਤੇ ਜਾਣ ਵਾਲੇ ਕਾਰਕਾਂ ਵਿੱਚੋਂ ਇੱਕ ਕਾਰਕ, ਜਿਸ 'ਤੇ ਉਹਨਾਂ ਨੂੰ ਹਮੇਸ਼ਾਂ ਵਿਚਾਰ ਕਰਨਾ ਚਾਹੀਦਾ ਹੈ, ਇਹ ਹੈ: ''ਮੁਕੱਦਮਾ ਚਲਾਉਣ ਜਾਂ ਨਾ ਚਲਾਉਣ ਦੇ ਫ਼ੈਸਲੇ ਦੇ ਸ਼ਿਕਾਰ ਹੋਏ ਵਿਅਕਤੀ 'ਤੇ ਪੈਣ ਵਾਲੇ ਸਿੱਟੇ; ਅਤੇ ਸ਼ਿਕਾਰ ਹੋਏ ਵਿਅਕਤੀ ਜਾਂ ਉਸਦੇ ਪਰਿਵਾਰ ਵੱਲੋਂ ਪ੍ਰਗਟਾਏ ਗਏ ਕੋਈ ਵੀ ਵਿਚਾਰ'' ਜਿੱਥੇ ਜਨਤਕ ਹਿੱਤ ਦੀ ਗੱਲ ਹੁੰਦੀ ਹੈ ਤਾਂ ਫ਼ੈਸਲਾ ਕਰਦੇ ਸਮੇਂ ਅਸੀਂ ਬਹੁਤ ਧਿਆਨ ਨਾਲ, ਸ਼ਿਕਾਰ ਹੋਏ ਵਿਅਕਤੀ ਦੇ ਹਿਤਾਂ ਬਾਰੇ ਸੋਚਦੇ ਹਾਂ। ਪਰ ਅਸੀਂ ਸਿਰਫ਼ ਕਿਸੇ ਵਿਸ਼ੇਸ਼ ਵਿਅਕਤੀ ਦੇ ਹਿਤਾਂ ਲਈ ਨਹੀਂ ਬਲਕਿ ਵਿਆਪਕ ਪੱਧਰ 'ਤੇ ਜਨਤਾ ਦੀ ਤਰਫੋਂ ਕੇਸਾਂ 'ਤੇ ਮੁਕੱਦਮਾ ਚਲਾਉਂਦੇ ਹਾਂ। ਇਸ ਸੰਤੁਲਨ ਨੂੰ ਬਣਾਉਣ ਲਈ ਮੁਸ਼ਕਲਾਂ ਹੋ ਸਕਦੀਆਂ ਹਨ। ਸ਼ਿਕਾਰ ਹੋਏ ਵਿਅਕਤੀ ਦੇ ਵਿਚਾਰ ਜਾਂ ਹਿਤ ਅਹਿਮ ਹਨ, ਪਰ ਉਹ ਸੀ.ਪੀ.ਐਸ. ਦੇ ਮੁਕੱਦਮਾ ਚਲਾਉਣ ਦੇ ਵਿਸ਼ੇ ਦੇ ਸੰਬੰਧ ਵਿੱਚ ਅੰਤਮ ਸ਼ਬਦ ਨਹੀਂ ਹੋ ਸਕਦੇ।

ਅਸੀਂ ਸ਼ਿਕਾਰ ਹੋਏ ਵਿਅਕਤੀ ਦੀਆਂ ਨਸਲੀ ਜਾਂ ਕੌਮੀ ਮੂਲ ਜਾਂ ਧਾਰਮਿਕ ਆਸਥਾਵਾਂ ਕਾਰਨ ਉਸ ਵਿਰੁੱਧ ਵੈਰ-ਵਿਰੋਧਤਾ ਤੋਂ ਪ੍ਰੇਰਿਤ ਕਿਸੇ ਵੀ ਅਪਰਾਧ ਨੂੰ ਬਹੁਤ ਗੰਭੀਰ ਅਪਰਾਧ ਵੱਜੋਂ ਲੈਂਦੇ ਹਾਂ। ਨਾਲ ਹੀ, ਅਸੀਂ ਇਸ ਗੱਲ ਬਾਰੇ ਵੀ ਜਾਣੂ ਹਾਂ ਕਿ ਮੁਕਾਬਲਤਨ ਛੋਟੇ ਜਿਹੇ ਨਸਲੀ ਜਾਂ ਧਾਰਮਿਕ ਜੁਰਮ ਦਾ ਸ਼ਿਕਾਰ ਹੋਏ ਵਿਅਕਤੀ 'ਤੇ ਗੈਰਅਨੁਪਾਤਕ ਢੰਗ ਨਾਲ ਵੱਡਾ ਅਸਰ ਹੋ ਸਕਦਾ ਹੈ। ਨਤੀਜੇ ਵੱਜੋਂ, ਸਾਡੇ ਕੋਲ ਭੇਜੇ ਗਏ ਨਸਲੀ ਜਾਂ ਧਾਰਮਿਕ ਕੇਸਾਂ ਵਿੱਚ ਜਨਤਕ ਹਿਤ ਲਗਭਗ ਹਮੇਸ਼ਾ ਹੀ ਮੁਕੱਦਮੇ ਚਲਾਉਣ ਦੇ ਹੱਕ ਵਿੱਚ ਜਾਣਗੇ।

ਕੁਝ ਹੋਰ ਜਨਤਕ ਹਿਤ ਵਾਲੇ ਕਾਰਕ ਜਿਹਨਾਂ 'ਤੇ ਅਸੀਂ ਵਿਚਾਰ ਕਰਾਂਗੇ, ਇਹ ਹਨ:

- ਅਪਰਾਧ ਦੀ ਗੰਭੀਰਤਾ;
- ਸ਼ਿਕਾਰ ਹੋਏ ਵਿਅਕਤੀ ਦੇ ਜ਼ਖ਼ਮ – ਸਰੀਰਕ ਅਤੇ/ਜਾਂ ਮਨੋਵਿਗਿਆਨਕ;
- ਕੀ ਪ੍ਰਤੀਵਾਦੀ ਨੇ ਹਥਿਆਰ ਦਾ ਇਸਤੇਮਾਲ ਕੀਤਾ ਸੀ;
- ਕੀ ਪ੍ਰਤੀਵਾਦੀ ਨੇ ਹਮਲੇ ਤੋਂ ਪਹਿਲਾਂ ਜਾਂ ਮਗਰੋਂ ਕੋਈ ਧਮਕੀ ਦਿੱਤੀ ਹੈ;
- ਕੀ ਪ੍ਰਤੀਵਾਦੀ ਨੇ ਹਮਲੇ ਦੀ ਵਿਉਂਤ ਬਣਾਈ ਸੀ;
- ਪ੍ਰਤੀਵਾਦੀ ਦੇ ਦੁਬਾਰਾ ਅਪਰਾਧ ਕਰਨ ਦੀ ਸੰਭਾਵਨਾ;
- ਸ਼ਿਕਾਰ ਹੋਏ ਵਿਅਕਤੀ ਜਾਂ ਕਿਸੇ ਹੋਰ ਵਿਅਕਤੀ, ਜੋ ਸ਼ਾਮਲ ਹੈ ਜਾਂ ਜਿਸਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ, ਦੀ ਸਿਹਤ ਅਤੇ ਸੁਰੱਖਿਆ ਲਈ ਲਗਾਤਾਰ ਖਤਰਾ;
- ਸ਼ਿਕਾਰ ਹੋਏ ਵਿਅਕਤੀ ਦੇ ਪ੍ਰਤੀਵਾਦੀ ਨਾਲ ਰਿਸ਼ਤੇ; ਅਤੇ
- ਪ੍ਰਤੀਵਾਦੀ ਦਾ ਅਪਰਾਧਕ ਪਿਛੋਕੜ, ਵਿਸ਼ੇਸ਼ ਤੌਰ 'ਤੇ ਅਸੁਰੱਖਿਅਤ ਲੋਕਾਂ ਵਿਰੁੱਧ ਪਹਿਲਾਂ ਕੀਤਾ ਕੋਈ ਅਪਰਾਧ।

ਕ੍ਰਾਊਨ ਪ੍ਰੋਸੀਕਿਊਟਰਾਂ ਲਈ ਨਿਯਮਾਵਲੀ

ਨਿਯਮਾਵਲੀ ਇਕ ਜਨਤਕ ਦਸਤਾਵੇਜ਼ ਹੈ। ਨਕਲਾਂ CPS Communications Branch, 50 Ludgate Hill, London EC4M 7EX ਤੋਂ, ਜਾਂ ਸਥਾਨਕ ਸੀ.ਪੀ.ਐਸ. ਦਫ਼ਤਰਾਂ ਤੋਂ, ਜਾਂ ਸਾਡੀ ਇਸ ਵੈਬਸਾਈਟ 'ਤੇ ਉਪਲਬਧ ਹਨ:

http://www.cps.gov.uk/victims_witnesses/code.html

# 6 ਇਹ ਫ਼ੈਸਲਾ ਕਰਨਾ ਕਿ ਕਿਹੜੇ ਦੋਸ਼ਾਂ 'ਤੇ ਮੁਕੱਦਮਾ ਚਲਾਇਆ ਜਾਵੇ

ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਉਹਨਾਂ ਦੋਸ਼ਾਂ ਦੀ ਚੋਣ ਕਰੀਏ ਜੋ ਕੇਸ ਦੇ ਹਾਲਾਤ ਲਈ ਢੁਕਵੇਂ ਹਨ ਅਤੇ ਜੋ ਅਦਾਲਤ ਨੂੰ ਢੁਕਵੀਂ ਸਜ਼ਾ ਸੁਣਾਉਣ ਦੀ ਇਜਾਜ਼ਤ ਦਿੰਦੇ ਹਨ। ਲਾਜ਼ਮੀ ਹੈ ਕਿ ਇਹ ਦੋਸ਼, ਕੇਸ ਨੂੰ ਸਪਸ਼ਟ ਅਤੇ ਅਸਾਨ ਢੰਗ ਨਾਲ ਪੇਸ਼ ਕਰਨ ਵਿੱਚ ਸਾਡੀ ਮਦਦ ਕਰਦੇ ਹੋਣ।

ਕੁਝ ਹਾਲਾਤ ਵਿੱਚ, ਇਸ ਗੱਲ 'ਤੇ ਨਿਰਭਰ ਕਰਦੇ ਹੋਏ ਕਿ ਕਿਸ ਤਰ੍ਹਾਂ ਦੇ ਦੋਸ਼ਾਂ 'ਤੇ ਮੁਕੱਦਮਾ ਚਲਾਇਆ ਜਾਣਾ ਹੈ, ਸਾਨੂੰ ਮੁਢਲੇ ਅਪਰਾਧ ਦੇ ਦੋਸ਼ ਨੂੰ ਵੀ ਸ਼ਾਮਲ ਕਰਨਾ ਪੈਂਦਾ ਹੈ, ਤਾਂ ਜੋ ਜੇ ਦੋਸ਼ ਦਾ ਨਸਲੀ ਜਾਂ ਧਾਰਮਿਕ ਪੱਖ ਸਾਬਤ ਨਾ ਵੀ ਹੋ ਸਕੇ, ਤਾਂ ਵੀ ਅਦਾਲਤ ਦੋਸ਼ੀ ਵਿਅਕਤੀ ਨੂੰ ਮੁਢਲੇ ਅਪਰਾਧ ਦਾ ਮੁਜਰਮ ਕਰਾਰ ਦੇ ਸਕੇ। ਜਦੋਂ ਅਸੀਂ ਅਜਿਹਾ ਕਰਦੇ ਹਾਂ, ਤਾਂ ਇਸ ਦਾ ਇਹ ਮਤਲਬ ਨਹੀਂ ਹੈ ਕਿ ਅਸੀਂ ਦੋਸ਼ੀ ਨੂੰ ਸਿਰਫ਼ ਮੁਢਲੇ ਅਪਰਾਧ ਮੰਨ ਲੈਣ ਦਾ ਸੱਦਾ ਦਿੰਦੇ ਹਾਂ, ਅਤੇ ਨਾ ਹੀ ਇਸ ਦਾ ਇਹ ਮਤਲਬ ਹੈ ਕਿ ਅਸੀਂ ਇਹ ਸੋਚਦੇ ਹਾਂ ਕਿ ਕੇਸ ਕਮਜ਼ੋਰ ਹੈ।

2004 ਤੋਂ ਲੈ ਕੇ, ਸਾਡੀ ਇਹ ਫ਼ੈਸਲਾ (ਬਹੁਤ ਛੋਟੇ ਕੇਸਾਂ ਨੂੰ ਛੱਡ ਕੇ ਬਾਕੀ ਵਿੱਚ) ਲੈਣ ਦੀ ਜ਼ਿੰਮੇਵਾਰੀ ਰਹੀ ਹੈ ਕਿ ਕੀ ਸ਼ੱਕੀ ਵਿਅਕਤੀ 'ਤੇ ਫੌਜਦਾਰੀ ਅਪਰਾਧ ਦੇ ਦੋਸ਼ ਆਇਦ ਕਰਨੇ ਚਾਹੀਦੇ ਹਨ ਜਾਂ ਨਹੀਂ, ਅਤੇ ਜੇ ਅਜਿਹਾ ਹੁੰਦਾ ਹੈ ਤਾਂ ਕਿਹੜਾ (ਕਿਹੜੇ) ਦੋਸ਼ ਆਇਦ ਕਰਨੇ ਚਾਹੀਦੇ ਹਨ। ਜਦੋਂ ਪੁਲਿਸ ਨੂੰ ਇਸ ਗੱਲ ਬਾਰੇ ਵਾਜਬ ਸ਼ੱਕ ਹੋਵੇ ਕਿ ਕਿਸੇ ਸ਼ੱਕੀ ਵਿਅਕਤੀ ਨੇ ਅਜਿਹਾ ਅਪਰਾਧ ਕੀਤਾ ਹੈ ਜੋ ਨਸਲੀ ਜਾਂ ਧਾਰਮਿਕ ਪ੍ਰਚੰਡਤਾ ਵਾਲਾ ਹੈ, ਤਾਂ ਉਹਨਾਂ ਨੂੰ *ਲਾਜ਼ਮੀ ਤੌਰ 'ਤੇ* ਉਹ ਕੇਸ ਕ੍ਰਾਊਨ ਪ੍ਰੋਸੀਕਿਊਟਰ ਦੇ ਸਪੁਰਦ ਕਰਨਾ ਚਾਹੀਦਾ ਹੈ, ਜੋ ਇਹ ਫ਼ੈਸਲਾ ਕਰੇਗਾ ਕਿ ਦੋਸ਼ ਆਇਦ ਕਰਨੇ ਚਾਹੀਦੇ ਹਨ ਜਾਂ ਨਹੀਂ।

# 7 ਜ਼ਮਾਨਤ

ਕਿਸੇ ਵਿਅਕਤੀ 'ਤੇ ਅਪਰਾਧ ਬਾਰੇ ਦੋਸ਼ ਆਇਦ ਹੋਣ ਤੋਂ ਬਾਅਦ, ਪੁਲਿਸ ਇਹ ਫ਼ੈਸਲਾ ਕਰਦੀ ਹੈ ਕਿ ਕੀ ਅਦਾਲਤ ਦੀ ਅਗਲੀ ਉਪਲਬਧ ਸੁਣਵਾਈ (ਆਮ ਤੌਰ 'ਤੇ ਦੋਸ਼ ਆਇਦ ਹੋਣ ਤੋਂ ਬਾਅਦ ਦੋ ਤੋਂ ਪੰਜ ਦਿਨਾਂ ਅੰਦਰ) ਵਿੱਚ ਹਾਜ਼ਰ ਹੋਣ ਲਈ ਵਿਅਕਤੀ ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਜਾਵੇ, ਜਾਂ ਉਸ ਵਿਅਕਤੀ ਨੂੰ ਉਸ ਦਿਨ ਜਾਂ ਉਸ ਤੋਂ ਅਗਲੇ ਦਿਨ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਪੇਸ਼ ਹੋਣ ਤਕ ਹਿਰਾਸਤ ਵਿੱਚ ਰੱਖਿਆ ਜਾਵੇ। ਜਦੋਂ ਇੱਕ ਵਾਰ ਦੋਸ਼ੀ ਵਿਅਕਤੀ ਨੂੰ ਅਦਾਲਤ ਸਾਹਮਣੇ ਪੇਸ਼ ਕਰ ਦਿੱਤਾ ਜਾਂਦਾ ਹੈ, ਤਾਂ ਮੁਕੱਦਮਾ ਕਰਨ ਵਾਲਿਆਂ ਅਤੇ ਬਚਾਅ ਪੱਖ ਦੀ ਸੁਣਵਾਈ ਤੋਂ ਬਾਅਦ ਜ਼ਮਾਨਤ ਬਾਰੇ ਫ਼ੈਸਲਾ ਮੈਜਿਸਟ੍ਰੇਟ ਕਰਦਾ ਹੈ। ਅਸੀਂ, ਕੁਝ ਹਾਲਾਤ ਵਿੱਚ, ਜ਼ਮਾਨਤ ਦੇਣ ਦੇ ਫ਼ੈਸਲੇ ਵਿਰੁੱਧ ਅਪੀਲ ਕਰ ਸਕਦੇ ਹਾਂ।

ਸ਼ਿਕਾਰ ਹੋਏ ਵਿਅਕਤੀਆਂ ਜਾਂ ਗਵਾਹਾਂ ਨੂੰ ਖਤਰੇ, ਧਮਕੀਆਂ, ਦੋਸ਼ੀ ਵੱਲੋਂ ਦਬਾਅ ਤੋਂ ਬਚਾਉਣ, ਜਾਂ ਦੋਸ਼ੀ ਵਲੋਂ ਹੋਰ ਕਾਰਵਾਈਆਂ ਕੀਤੇ ਜਾਣ, ਜੋ ਨਿਆਂ ਦੀ ਪ੍ਰਕਿਰਿਆ ਵਿੱਚ ਅੜਿੱਕਾ ਖੜ੍ਹਾ ਕਰ ਸਕਦੀਆਂ ਹਨ, ਤੋਂ ਰੋਕਣ ਲਈ ਅਸੀਂ ਅਦਾਲਤ ਨੂੰ ਦੋਸ਼ੀ ਵਿਅਕਤੀ ਦੀ ਜ਼ਮਾਨਤ 'ਤੇ ਸ਼ਰਤਾਂ ਲਗਾਉਣ ਲਈ ਕਹਿ ਸਕਦੇ ਹਾਂ, ਜਾਂ ਅਸੀਂ ਦੋਸ਼ੀ ਨੂੰ ਹਿਰਾਸਤ ਲਈ ਰਿਮਾਂਡ 'ਤੇ ਰੱਖਣ ਲਈ ਵੀ ਕਹਿ ਸਕਦੇ ਹਾਂ। ਅਦਾਲਤ ਤਾਂ ਹੀ ਸਹਿਮਤ ਹੋਵੇਗੀ ਜੇ ਇਸ ਨੂੰ ਇਹ ਤਸੱਲੀ ਹੋਵੇਗੀ ਕਿ ਜ਼ਮਾਨਤ ਰੋਕਣ ਲਈ ਅਧਾਰ ਮੌਜੂਦ ਹਨ।

ਅਦਾਲਤ ਜਿਹੜੀਆਂ ਸ਼ਰਤਾਂ ਲਗਾ ਸਕਦੀ ਹੈ ਉਹਨਾਂ ਵਿੱਚ ਸ਼ਾਮਲ ਹਨ ਕਿਸੇ ਵੀ ਨਾਂਮਿਤ ਵਿਅਕਤੀ ਤਕ ਪਹੁੰਚ ਨਾ ਕਰਨ ਅਤੇ ਕਿਸੇ ਖਾਸ ਇਲਾਕੇ ਤੋਂ ਦੂਰ ਰਹਿਣ ਦੀ ਲੋੜ। ਆਪਣਾ ਫ਼ੈਸਲਾ ਲੈਣ ਸਮੇਂ, ਅਸੀਂ ਸ਼ਿਕਾਰ ਹੋਏ ਵਿਅਕਤੀ ਜਾਂ ਗਵਾਹ ਨੂੰ ਪਰੇਸ਼ਾਨ ਕਰਨ ਜਾਂ ਦੁਬਾਰਾ ਅਪਰਾਧ ਕਰਨ ਦੇ ਡਰ ਬਾਰੇ ਪੁਲਿਸ ਵੱਲੋਂ ਸਾਨੂੰ ਮੁਹੱਈਆ ਕਰਵਾਈ ਜਾਣਕਾਰੀ ਬਾਰੇ ਵੀ ਵਿਚਾਰ ਕਰਦੇ ਹਾਂ। ਜ਼ਮਾਨਤ ਦੀਆਂ ਸ਼ਰਤਾਂ ਦੀਆਂ ਆਮ ਮਿਸਾਲਾਂ **ਅੰਤਿਕਾ C** ਵਿੱਚ ਦਿੱਤੀਆਂ ਗਈਆਂ ਹਨ।

ਅਸੀਂ ਇਹ ਯਕੀਨੀ ਬਣਾਉਣ ਲਈ ਪੁਲਿਸ ਅਤੇ ਅਦਾਲਤਾਂ ਨਾਲ ਕੰਮ ਕਰਦੇ ਹਾਂ ਕਿ ਸ਼ਿਕਾਰ ਹੋਏ ਵਿਅਕਤੀ ਜਾਂ ਗਵਾਹ ਨੂੰ ਦੋਸ਼ੀ ਵਿਅਕਤੀ ਦੀ ਜ਼ਮਾਨਤ ਦੀ ਸਥਿਤੀ ਵਿੱਚ ਤਬਦੀਲੀ ਜਾਂ ਹਿਰਾਸਤ ਦੇ ਰੁਤਬੇ ਬਾਰੇ, ਜਾਂ ਤਾਂ ਸਾਡੇ ਵੱਲੋਂ ਜਾਂ ਪੁਲਿਸ ਵੱਲੋਂ, ਸੂਚਿਤ ਕੀਤਾ ਜਾਂਦਾ ਰਹੇ।

# 8 ਇਹ ਫ਼ੈਸਲਾ ਕਰਨਾ ਕਿ ਕੇਸ ਨੂੰ ਸਾਬਤ ਕਰਨ ਲਈ ਕਿਹੜਾ ਸਬੂਤ ਲੋੜੀਂਦਾ ਹੈ

ਅਸੀਂ ਇਹ ਯਕੀਨੀ ਬਣਾਉਣ ਲਈ ਪੁਲਿਸ ਨਾਲ ਨੇੜਤਾ ਨਾਲ ਮਿਲ ਕੇ ਕੰਮ ਕਰਦੇ ਹਾਂ ਕਿ ਪੁਲਿਸ ਦੀ ਜਾਂਚ ਮੁਕੰਮਲ ਕਰ ਲਈ ਗਈ ਹੈ ਅਤੇ ਸਾਰੇ ਸਬੂਤ ਇੱਕਠੇ ਕਰ ਲਏ ਗਏ ਹਨ ਅਤੇ ਇਹਨਾਂ ਨੂੰ ਸਾਡੇ ਧਿਆਨ ਵਿੱਚ ਲਿਆਂਦਾ ਗਿਆ ਹੈ। ਕੁਝ ਕੇਸਾਂ ਵਿੱਚ, ਅਸੀਂ ਪੁਲਿਸ ਨੂੰ ਕਿਸੇ ਹੋਰ ਸੰਭਵ ਤਰਜ਼ 'ਤੇ ਜਾਂਚ ਕਰਨ ਦੀ ਸਲਾਹ ਦੇ ਸਕਦੇ ਹਾਂ। ਇਸ ਵਿੱਚ ਸ਼ਾਮਲ ਹੋ ਸਕਦਾ ਹੈ ਸ਼ਿਕਾਰ ਹੋਏ ਉਸੇ ਵਿਅਕਤੀ, ਜਾਂ ਉਸੇ ਸ਼ੱਕੀ ਵਿਅਕਤੀ, ਜਾਂ ਉਸੇ ਜਗ੍ਹਾ ਨਾਲ ਸੰਬੰਧਤ ਪਹਿਲਾਂ ਦਰਜ ਘਟਨਾਵਾਂ ਦੀ ਘੋਖ ਕਰਨਾ। ਸਾਰੇ ਕੇਸਾਂ ਵਿੱਚ ਪ੍ਰੋਸੀਕਿਊਟਰਾਂ ਨੂੰ ਕੇਸ ਦੇ ਅਧਿਕਾਰੀ ਨਾਲ ਸਿੱਧਾ ਰਾਬਤਾ ਰੱਖਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੇ ਉਪਲਬਧ ਸਬੂਤ ਹਾਸਲ ਕਰ ਲਏ ਗਏ ਹਨ ਅਤੇ ਸੀ.ਪੀ.ਐਸ. ਨੂੰ ਭੇਜ ਦਿੱਤੇ ਗਏ ਹਨ ਤਾਂ ਜੋ ਅਸੀਂ ਕੇਸ ਦੀ ਪੂਰੀ ਤਰ੍ਹਾਂ ਨਾਲ ਪੜਚੋਲ ਕਰ ਸਕੀਏ। ਇਹ ਵਿਸ਼ੇਸ਼ ਤੌਰ 'ਤੇ ਉਸ ਸਮੇਂ ਅਹਿਮ ਹੋ ਜਾਂਦਾ ਹੈ ਜੇ ਸਥਿਤੀਆਂ ਵਾਰ-ਵਾਰ ਸ਼ਿਕਾਰ ਬਣਾਏ ਜਾਣ ਬਾਰੇ ਦੱਸਦੀਆਂ ਹੋਣ।

ਅਸੀਂ ਸਬੂਤ ਬਾਰੇ ਧਿਆਨ ਨਾਲ ਵਿਚਾਰ ਕਰਾਂਗੇ ਅਤੇ ਜਿੰਨੀ ਜਲਦੀ ਸੰਭਵ ਹੋਇਆ ਆਪਣਾ ਫ਼ੈਸਲਾ ਲਵਾਂਗੇ। ਅਸੀਂ ਇਹ ਯਕੀਨੀ ਬਣਾਉਣ ਦੀ ਵੀ ਕੋਸ਼ਿਸ਼ ਕਰਾਂਗੇ ਕਿ ਕੇਸ ਬਿਨਾਂ ਕਿਸੇ ਦੇਰੀ ਤੋਂ ਅਦਾਲਤ ਵਿੱਚ ਅੱਗੇ ਵਧਣ।

ਬਹੁਤੇ ਨਸਲੀ ਜਾਂ ਧਾਰਮਿਕ ਜੁਰਮਾਂ ਵਿੱਚ ਅਕਸਰ ਸਿਰਫ਼ ਸ਼ਿਕਾਰ ਹੋਇਆ ਵਿਅਕਤੀ ਹੀ ਗਵਾਹ ਹੁੰਦਾ ਹੈ। ਇਸ ਦਾ ਇਹ ਮਤਲਬ ਲਿਆ ਜਾ ਸਕਦਾ ਹੈ ਕਿ ਜਦੋਂ ਤਕ ਪ੍ਰਤੀਵਾਦੀ ਆਪਣਾ ਜੁਰਮ ਕਬੂਲ ਨਹੀਂ ਕਰਦਾ ਜਾਂ ਮਜ਼ਬੂਤ ਸਹਾਇਕ ਸਬੂਤ ਨਹੀਂ ਹੁੰਦੇ, ਤਾਂ ਉਦੋਂ ਆਮ ਤੌਰ 'ਤੇ ਸ਼ਿਕਾਰ ਹੋਏ ਵਿਅਕਤੀ ਲਈ ਇਹ ਜ਼ਰੂਰੀ ਹੋ ਜਾਵੇਗਾ ਕਿ ਉਹ ਅਦਾਲਤ ਨੂੰ ਇਸ ਬਾਰੇ ਗਵਾਹੀ ਦੇਵੇ।

ਐਪਰ, ਅਸੀਂ ਇਹ ਮੰਨ ਕੇ ਨਹੀਂ ਚੱਲਾਂਗੇ ਕਿ ਕੇਸ ਨੂੰ ਸਾਬਤ ਕਰਨ ਲਈ ਸ਼ਿਕਾਰ ਹੋਏ ਵਿਅਕਤੀ ਲਈ ਅਦਾਲਤ ਤਕ ਗਵਾਹੀ ਦੇਣ ਲਈ ਲਿਆਉਣਾ ਹੀ ਇੱਕਮਾਤਰ ਤਰੀਕਾ ਹੈ। ਅਸੀਂ ਇਸ ਬਾਰੇ ਵੀ ਵਿਚਾਰ ਕਰਾਂਗੇ ਕਿ ਹੋਰ ਸਬੂਤ ਉਪਲਬਧ ਹੋ ਸਕਣ ਜੋ ਜਾਂ ਤਾਂ ਸ਼ਿਕਾਰ ਹੋਏ ਵਿਅਕਤੀ ਦੀ ਗਵਾਹੀ ਦੇ ਹੱਕ ਵਿੱਚ ਹੋਣ, ਜਾਂ ਇਸ ਦੇ ਬਦਲ ਦੇ ਤੌਰ 'ਤੇ ਹੋਣ।

## ਜਦੋਂ ਸ਼ਿਕਾਰ ਹੋਇਆ ਵਿਅਕਤੀ ਸ਼ਿਕਾਇਤ ਵਾਪਸ ਲੈਂਦਾ ਹੈ ਜਾਂ ਅੱਗੇ ਗਵਾਹੀ ਦੇਣ ਲਈ ਰਾਜ਼ੀ ਨਹੀਂ ਹੁੰਦਾ

ਕਈ ਵਾਰੀ ਸ਼ਿਕਾਰ ਹੋਇਆ ਵਿਅਕਤੀ ਮੁਕੱਦਮਾ ਚਲਾਉਣ ਤੋਂ ਸਮਰਥਨ ਵਾਪਸ ਲੈ ਸਕਦਾ ਹੈ ਅਤੇ ਹੋਰ ਗਵਾਹੀ ਦੇਣ ਲਈ ਰਾਜ਼ੀ ਨਹੀਂ ਹੁੰਦਾ। ਇਸ ਦਾ ਮਤਲਬ ਇਹ ਨਹੀਂ ਹੈ ਕਿ ਕੇਸ ਖ਼ੁਦ-ਬ-ਖ਼ੁਦ ਰੋਕ ਦਿੱਤਾ ਜਾਵੇਗਾ। ਜੇ ਸ਼ਿਕਾਰ ਹੋਏ ਵਿਅਕਤੀ ਨੇ ਮੁਕੱਦਮਾ ਚਲਾਉਣ ਤੋਂ ਸਮਰਥਨ ਵਾਪਸ ਲੈ ਲਿਆ ਹੈ ਤਾਂ ਸਾਨੂੰ ਪਤਾ ਲਗਾਉਣਾ ਪਏਗਾ ਕਿ ਉਸ ਨੇ ਅਜਿਹਾ ਕਿਉਂ ਕੀਤਾ। ਇਸ ਵਿੱਚ ਤੱਥਾਂ ਦੀ ਜਾਂਚ ਲਈ ਅਦਾਲਤ ਦੀ ਸੁਣਵਾਈ ਵਿੱਚ ਅਤੇ ਸਭ ਤੋਂ ਵਧੀਆ ਕਾਰਵਾਈ ਬਾਰੇ ਫ਼ੈਸਲਾ ਕਰਨ ਦੇਰੀ ਕਰਨੀ ਸ਼ਾਮਲ ਹੋ ਸਕਦੇ ਹਨ।

ਅਸੀਂ ਅੱਗੇ ਦਿੱਤੇ ਕਦਮ ਚੁੱਕਾਂਗੇ:

- ਜੇ ਸ਼ਿਕਾਰ ਹੋਇਆ ਵਿਅਕਤੀ ਸਮਰਥਨ ਵਾਪਸ ਲੈਣ ਦਾ ਫ਼ੈਸਲਾ ਕਰਦਾ ਹੈ, ਤਾਂ ਅਸੀਂ ਪੁਲਿਸ ਨੂੰ ਕਹਾਂਗੇ ਕਿ ਇਸ ਗੱਲ ਦੀ ਪੁਸ਼ਟੀ ਕਰਨ ਲਈ ਕਿ ਅਸਲ ਸ਼ਿਕਾਇਤ ਸੱਚੀ ਸੀ ਅਤੇ ਇਹ ਪਤਾ ਲਗਾਉਣ ਲਈ ਕਿ ਕੀ ਸ਼ਿਕਾਰ ਹੋਏ ਵਿਅਕਤੀ 'ਤੇ ਸਮਰਥਨ ਵਾਪਸ ਲੈਣ ਲਈ ਕੋਈ ਦਬਾਅ ਪਾਇਆ ਗਿਆ ਹੈ, ਉਹ ਸ਼ਿਕਾਰ ਹੋਏ ਵਿਅਕਤੀ ਤੋਂ ਸਮਰਥਨ ਵਾਪਸ ਲੈਣ ਦੇ ਕਾਰਨਾਂ ਦੀ ਵਿਆਖਿਆ ਕਰਦਾ ਲਿਖ਼ਤੀ ਬਿਆਨ ਲਵੇ; ਅਤੇ
- ਅਸੀਂ ਪੁਲਿਸ ਨੂੰ ਕੇਸ ਵਿੱਚ ਗਵਾਹੀ ਬਾਰੇ ਆਪਣੇ ਵਿਚਾਰ ਪੇਸ਼ ਕਰਨ ਲਈ ਕਹਾਂਗੇ ਅਤੇ ਇਹ ਵੀ ਪੁੱਛਾਂਗੇ ਕਿ ਉਹ ਇਸ ਬਾਰੇ ਕੀ ਸੋਚਦੇ ਹਨ ਕਿ ਜੇ ਸ਼ਿਕਾਰ ਹੋਏ ਵਿਅਕਤੀ 'ਤੇ ਅਦਾਲਤ ਵਿੱਚ ਹਾਜ਼ਰ ਹੋਣ ਲਈ ਦਬਾਅ ਪਾਇਆ ਜਾਂਦਾ ਹੈ ਤਾਂ ਉਹ ਕਿਸ ਤਰ੍ਹਾਂ ਪ੍ਰਤੀਕਿਰਿਆ ਜਾਹਰ ਕਰ ਸਕਦਾ/ਸਕਦੀ ਹੈ।

ਜੇ ਸ਼ਿਕਾਇਤ ਵਾਪਸੀ ਤੋਂ ਬਾਅਦ ਸ਼ਿਕਾਰ ਹੋਏ ਵਿਅਕਤੀ ਦਾ ਬਿਆਨ ਉਹੀ ਨਹੀਂ ਹੁੰਦਾ ਜੋ ਪਹਿਲਾਂ ਸੀ ਤਾਂ ਅਸੀਂ ਪੁਲਿਸ ਤੋਂ ਸ਼ਿਕਾਰ ਹੋਏ ਵਿਅਕਤੀ ਨੂੰ ਇਹ ਸਪਸ਼ਟ ਕਰਨ ਲਈ ਕਹਿਣ ਦੀ ਇਹ ਆਸ ਕਰਦੇ ਹਾਂ ਕਿ ਇਹ ਕਿਉ ਬਦਲਿਆ ਗਿਆ।

ਜੇ ਸ਼ਿਕਾਰ ਹੋਇਆ ਵਿਅਕਤੀ ਇਹ ਪੁਸ਼ਟੀ ਕਰਦਾ ਹੈ ਕਿ ਅਸਲ ਸ਼ਿਕਾਇਤ ਸੱਚੀ ਹੈ, ਤਾਂ ਅਸੀਂ ਪਹਿਲਾਂ ਇਸ ਗੱਲ 'ਤੇ ਵਿਚਾਰ ਕਰਾਂਗੇ ਕਿ ਕੀ ਉਸ ਦੀ ਗਵਾਹੀ (ਸਬੂਤ ਵਾਲੀ ਜਾਂਚ) ਤੋਂ ਬਗੈਰ ਮੁਕੱਦਮਾ ਜਾਰੀ ਰੱਖਣਾ **ਸੰਭਵ** ਹੈ ਅਤੇ ਫੇਰ ਜੇ ਸੰਭਵ ਹੋਇਆ, ਤਾਂ ਇਹ ਵਿਚਾਰ ਕਰਾਂਗੇ ਕਿ, ਕੀ ਸਾਨੂੰ ਸ਼ਿਕਾਰ ਹੋਏ ਵਿਅਕਤੀ ਦੀ ਹਮਾਇਤ ਦੇ ਬਿਨਾਂ/ਸ਼ਿਕਾਰ ਹੋਏ ਵਿਅਕਤੀ ਦੀਆਂ ਇੱਛਾਵਾਂ ਦੇ ਵਿਰੁੱਧ (ਜਨਤਕ ਹਿਤ ਦੀ ਪਰਖ) ਮੁਕੱਦਮਾ ਜਾਰੀ ਰੱਖਣਾ ਚਾਹੀਦਾ ਹੈ।

ਪ੍ਰੌਸੀਕਿਊਟਰ ਉਹਨਾਂ ਕਾਰਨਾਂ ਬਾਰੇ ਜਾਣਨਾ ਚਾਹੇਗਾ ਜਿਸ ਕਾਰਨ ਸ਼ਿਕਾਰ ਹੋਇਆ

ਇਹ ਫ਼ੈਸਲਾ ਕਰਨਾ ਕਿ ਮਾਮਲੇ ਨੂੰ ਸਾਬਤ ਕਰਨ ਲਈ ਕਿਹੜਾ ਸਬੂਤ ਲੋੜੀਂਦਾ ਹੈ

ਵਿਅਕਤੀ ਹੋਰ ਅੱਗੇ ਗਵਾਹੀ ਦੇਣ ਦਾ ਇੱਛੁਕ ਨਹੀਂ ਹੈ। ਨਸਲੀ ਅਤੇ ਧਾਰਮਿਕ ਜੁਰਮਾਂ ਦੇ ਕੇਸਾਂ ਵਿੱਚ, ਅਜਿਹਾ ਇਸ ਲਈ ਹੋ ਸਕਦਾ ਹੈ ਕਿਉਂਕਿ ਸ਼ਿਕਾਰ ਹੋਇਆ ਵਿਅਕਤੀ ਅਜਿਹੀ ਜਗ੍ਹਾ 'ਤੇ ਰਹਿੰਦਾ ਹੈ ਜਿੱਥੇ ਉਹ ਖੁਦ ਨੂੰ ਅਲੱਗ-ਥਲੱਗ ਜਾਂ ਖਾਸ ਤੌਰ 'ਤੇ ਲਾਚਾਰ ਸਮਝਦਾ ਹੈ (ਅਤੇ ਅਸੀ ਇਸ ਗੱਲ ਨੂੰ ਸਮਝਦੇ ਹਾਂ ਕਿ ਅਲੱਗ-ਥਲੱਗ ਜਾਂ ਲਾਚਾਰ ਹੋਣ ਦੀ ਭਾਵਨਾ ਪਹਿਲੀ ਵਾਰ ਸ਼ਿਕਾਰ ਹੋਏ ਵਿਅਕਤੀ ਨੂੰ ਘਟਨਾ ਦੀ ਰਿਪੋਰਟ ਕਰਨ ਤੋਂ ਰੋਕਦੀ ਜਾਂ ਇਸ ਨੂੰ ਅੱਗੇ ਪਾਉਂਦੀ ਹੈ), ਜਿੱਥੇ ਮੁਕੱਦਮਾ ਚਲਾਉਣ ਦਾ ਸਮਰਥਨ ਸ਼ਿਕਾਰ ਹੋਏ ਵਿਅਕਤੀ ਨੂੰ ਹੋਰ ਨੁਕਸਾਨ ਪਹੁੰਚਾਉਣ ਦੇ ਜ਼ੋਖ਼ਮ ਵਿੱਚ ਪਾ ਸਕਦਾ ਹੈ। ਅਜਿਹੇ ਕੇਸਾਂ ਵਿੱਚ ਪ੍ਰੌਸੀਕਿਊਟਰ ਨੂੰ ਸ਼ਿਕਾਰ ਹੋਏ ਵਿਅਕਤੀ ਲਈ ਉਪਲਬਧ ਕਿਸੇ ਵੀ ਵਿਸ਼ੇਸ਼ ਉਪਾਅ ਜਾਂ ਹੋਰ ਸਮਰਥਨ ਵੱਲ ਤਵੱਜੋਂ ਦੇਣੀ ਚਾਹੀਦੀ ਹੈ ਜੋ ਹੋ ਸਕਦਾ ਹੈ ਉਹਨਾਂ ਨੂੰ ਉਹਨਾਂ ਦੀਆਂ ਚਿੰਤਾਵਾਂ 'ਤੇ ਘੱਟੋ-ਘੱਟ ਕੁਝ ਹੱਦ ਤਕ, ਕਾਬੂ ਪਾਉਣ ਵਿੱਚ ਮਦਦ ਕਰ ਸਕੇ।[1]

ਜੇ ਸਾਨੂੰ ਇਹ ਸ਼ੱਕ ਹੁੰਦਾ ਹੈ ਕਿ ਸ਼ਿਕਾਇਤ ਵਾਪਸ ਲੈਣ ਲਈ ਸ਼ਿਕਾਰ ਹੋਏ ਵਿਅਕਤੀ 'ਤੇ ਦਬਾਅ ਪਾਇਆ ਗਿਆ ਹੈ ਜਾਂ ਡਰਾਇਆ ਗਿਆ ਹੈ ਤਾਂ ਅਸੀਂ ਪੁਲਿਸ ਨੂੰ ਅੱਗੇ ਹੋਰ ਜਾਂਚ ਕਰਨ ਲਈ ਕਹਾਂਗੇ। ਜਾਂਚ ਨਾਲ ਹੋ ਸਕਦਾ ਹੈ ਕਿ ਨਵੇਂ ਅਪਰਾਧਾਂ ਬਾਰੇ ਪਤਾ ਲੱਗੇ, ਮਿਸਾਲ ਦੇ ਤੌਰ 'ਤੇ ਪਰੇਸ਼ਾਨ ਕਰਨਾ, ਜਾਂ ਗਵਾਹਾਂ ਨੂੰ ਡਰਾਉਣਾ-ਧਮਕਾਉਣਾ, ਜਾਂ ਕਿ ਜ਼ਮਾਨਤ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਗਈ ਹੈ। ਜੇ ਲੋੜ ਪਈ ਤਾਂ ਅਸੀਂ ਅਦਾਲਤ ਨੂੰ ਕਿਸੇ ਵੀ ਸੁਣਵਾਈ ਨੂੰ ਅੱਗੇ ਪਾਉਣ ਲਈ ਕਹਾਂਗੇ ਤਾਂ ਜੋ ਕੇਸ ਦੇ ਭਵਿੱਖ ਦਾ ਫ਼ੈਸਲਾ ਕਰਨ ਤੋਂ ਪਹਿਲਾਂ ਮੁਕੰਮਲ ਜਾਂਚ ਕੀਤੀ ਜਾ ਸਕੇ। ਜੇ ਸ਼ਿਕਾਰ ਹੋਏ ਵਿਅਕਤੀ ਜਾਂ ਗਵਾਹ ਵਲੋਂ ਸਮਰਥਨ ਵਾਪਸ ਲਿਆ ਜਾਣਾ ਡਰ ਜਾਂ ਡਰਾਉਣ-ਧਮਕਾਉਣ 'ਤੇ ਅਧਾਰਤ ਹੈ, ਤਾਂ ਪ੍ਰੌਸੀਕਿਊਟਰ ਉਸ ਸਬੂਤ 'ਤੇ ਵਿਚਾਰ ਕਰੇਗਾ ਅਤੇ ਫ਼ੈਸਲਾ ਕਰੇਗਾ ਕਿ ਕੀ ਹੋਰ ਦੋਸ਼, ਮਿਸਾਲ ਦੇ ਤੌਰ 'ਤੇ, ਗਵਾਹਾਂ ਨੂੰ ਡਰਾਉਣ-ਧਮਕਾਉਣ ਦੇ, ਆਇਦ ਕੀਤੇ ਜਾਣੇ ਚਾਹੀਦੇ ਹਨ।

ਅਸੀਂ ਮੁਕੱਦਮਾ ਚਲਾਉਣ ਵਿੱਚ ਅੱਗੇ ਵਧਣ ਜਾਂ ਨਾ ਵਧਣ ਬਾਰੇ ਫ਼ੈਸਲਾ ਕਰਨ ਤੋਂ ਪਹਿਲਾਂ ਇਹਨਾਂ ਸਾਰੀਆਂ ਚੋਣਾਂ ਦੀਆਂ ਸੰਭਾਵਨਾਵਾਂ ਦੀ ਪੂਰੀ ਤਰ੍ਹਾਂ ਘੋਖ ਕਰਾਂਗੇ। ਸ਼ਿਕਾਰ ਹੋਏ ਵਿਅਕਤੀ ਜਾਂ ਕਿਸੇ ਹੋਰ ਸੰਭਾਵੀ ਲਾਚਾਰ ਵਿਅਕਤੀ ਦੀ ਸੁਰੱਖਿਆ ਸਾਡੇ ਫ਼ੈਸਲੇ 'ਤੇ ਪੁੱਜਣ ਲਈ ਪ੍ਰਮੁੱਖ ਵਿਚਾਰ ਹੋਵੇਗੀ।

## ਸ਼ਿਕਾਰ ਹੋਏ ਵਿਅਕਤੀ ਦੀ ਇੱਛਾ ਵਿਰੁੱਧ ਕੇਸ ਜਾਰੀ ਰੱਖਣਾ

---

[1] ਪ੍ਰੌਸੀਕਿਊਟਰ ਦਾ ਪ੍ਰਣ: ''ਸ਼ਿਕਾਰ ਹੋਏ ਵਿਅਕਤੀ ਦੀਆਂ ਖਾਸ ਲੋੜਾਂ ਵੱਲ ਧਿਆਨ ਦਿਓ ਅਤੇ ਜਿੱਥੇ ਵਾਜਬ ਲੱਗੇ ਅਦਾਲਤ ਅੱਗੇ ਢੁਕਵੀਂ ਦਰਖ਼ਾਸਤ ਪੇਸ਼ ਕਰਕੇ ਉਹਨਾਂ ਦੀ ਸ਼ਨਾਖ਼ਤ ਦੀ ਰਾਖੀ ਕਰਨ ਦੀ ਮੰਗ ਕਰੋ'' ਅਤੇ ਕੋਡ ਆਫ ਪ੍ਰੈਕਟਿਸ ਫਾਰ ਵਿਕਟਮ ਐਂਡ ਕ੍ਰਾਈਮ (ਅਪਰਾਧ ਦੇ ਸ਼ਿਕਾਰ ਲੋਕਾਂ ਲਈ ਵਿਹਾਰ ਦੇ ਨਿਯਮ), ਦਾ ਸੈਕਸ਼ਨ 7.8 ਬਿਆਨ ਕਰਦਾ ਹੈ ਕਿ ਸੀ.ਪੀ.ਐਸ. ਪ੍ਰੌਸੀਕਿਊਟਰਾਂ ਨੂੰ ਸੰਭਾਵਤ ਤੌਰ 'ਤੇ ਲਾਚਾਰ ਜਾਂ ਡਰਾਏ-ਧਮਕਾਏ ਗਏ ਗਵਾਹਾਂ ਲਈ ਵਿਸ਼ੇਸ਼ ਉਪਾਆਂ ਵਾਸਤੇ ਦਰਖਾਸਤਾਂ ਬਾਰੇ ਵਿਚਾਰ ਜ਼ਰੂਰ ਕਰਨਾ ਚਾਹੀਦਾ ਹੈ।

ਆਮ ਤੌਰ 'ਤੇ, ਜਿੰਨਾ ਗੰਭੀਰ ਅਪਰਾਧ ਹੁੰਦਾ ਹੈ (ਮਿਸਾਲ ਦੇ ਤੌਰ 'ਤੇ ਵਰਤੀ ਗਈ ਹਿੰਸਾ ਦਾ ਪੱਧਰ ਜਾਂ ਸ਼ਿਕਾਰ ਹੋਏ ਵਿਅਕਤੀ ਜਾਂ ਹੋਰਨਾਂ ਵਿਅਕਤੀਆਂ ਨੂੰ ਅਸਲ ਅਤੇ ਨਿਰੰਤਰ ਖਤਰੇ), ਸਾਡੇ ਵੱਲੋਂ ਜਨਤਕ ਹਿਤ ਵਿੱਚ ਮੁਕੱਦਮਾ ਕਰਨ ਦੀ ਓਨੀ ਹੀ ਜ਼ਿਆਦਾ ਸੰਭਾਵਨਾ ਹੁੰਦੀ ਹੈ, ਭਾਵੇਂ ਸ਼ਿਕਾਰ ਹੋਇਆ ਵਿਅਕਤੀ ਇਹ ਕਹੇ ਕਿ ਉਹ ਨਹੀਂ ਚਾਹੁੰਦਾ ਕਿ ਅਸੀਂ ਅਜਿਹਾ ਕਰੀਏ।

ਅਜਿਹੇ ਕੇਸਾਂ ਵਿੱਚ ਜਿੱਥੇ ਸਾਡੇ ਕੋਲ ਕਾਫ਼ੀ ਹੋਰ ਗਵਾਹੀਆਂ ਹਨ, ਅਸੀਂ ਸ਼ਿਕਾਰ ਹੋਏ ਵਿਅਕਤੀ ਦੀ ਗਵਾਹੀ 'ਤੇ ਬਿਲਕੁਲ ਨਾ ਨਿਰਭਰ ਕਰਦੇ ਹੋਏ ਅੱਗੇ ਵਧਣ ਦਾ ਫ਼ੈਸਲਾ ਕਰ ਸਕਦੇ ਹਾਂ।

ਜੇ ਅਸੀਂ ਇਹ ਫ਼ੈਸਲਾ ਕਰਦੇ ਹਾਂ ਕਿ ਕੇਸ ਜਾਰੀ ਰਹਿਣਾ ਚਾਹੀਦਾ ਹੈ ਅਤੇ ਕੇਸ ਸਾਬਤ ਕਰਨ ਲਈ ਸਾਨੂੰ ਸ਼ਿਕਾਰ ਹੋਏ ਵਿਅਕਤੀ ਦੀ ਗਵਾਹੀ 'ਤੇ ਨਿਰਭਰ ਹੋਣ ਦੀ ਲੋੜ ਨਹੀਂ ਹੈ ਤਾਂ ਸਾਨੂੰ ਇਹ ਫ਼ੈਸਲਾ ਲੈਣਾ ਪਏਗਾ ਕਿ:

- ਕੀ ਸਾਨੂੰ ਅਦਾਲਤ ਵਿੱਚ, ਸ਼ਿਕਾਰ ਹੋਏ ਵਿਅਕਤੀ ਦੇ ਅਦਾਲਤ ਵਿੱਚ ਹਾਜ਼ਰ ਹੋਏ ਬਗੈਰ ਉਸ ਦੇ ਬਿਆਨ ਦੇ ਇਸਤੇਮਾਲ ਲਈ ਦਰਖਾਸਤ ਦੇਣੀ ਚਾਹੀਦੀ ਹੈ;
- ਕੀ ਅਸੀਂ ਵਿਸ਼ੇਸ਼ ਉਪਾਆਂ ਦੇ ਇਸਤੇਮਾਲ ਨਾਲ, ਅਦਾਲਤ ਵਿੱਚ ਹਾਜ਼ਰ ਹੋਣ ਵਿੱਚ ਸ਼ਿਕਾਰ ਹੋਏ ਵਿਅਕਤੀ ਦੀ ਮਦਦ ਕਰਕੇ ਮੁਕੱਦਮਾ ਚਲਾਉਣਾ ਜਾਰੀ ਰੱਖ ਸਕਦੇ ਹਾਂ; ਅਤੇ
- ਕੀ ਸਾਨੂੰ ਸ਼ਿਕਾਰ ਹੋਏ ਵਿਅਕਤੀ ਨੂੰ ਅਦਾਲਤ ਵਿੱਚ ਵਿਅਕਤੀਗਤ ਤੌਰ 'ਤੇ ਹਾਜ਼ਰ ਹੋ ਕੇ ਸਬੂਤ ਦੇਣ ਲਈ ਮਜਬੂਰ ਕਰਨਾ ਚਾਹੀਦਾ ਹੈ।

ਜਿੱਥੇ ਸ਼ਿਕਾਰ ਹੋਏ ਵਿਅਕਤੀ ਨੇ ਮੁਕੱਦਮਾ ਚਲਾਉਣ ਤੋਂ ਸਮਰਥਨ ਵਾਪਸ ਲੈ ਲਿਆ ਹੈ, ਤਾਂ ਇਹ ਫ਼ੈਸਲਾ ਲੈਣ ਵਿੱਚ ਪ੍ਰੋਸੀਕਿਊਟਰ ਦੀ ਮਦਦ ਲਈ ਕਿ ਕੇਸ ਵਿੱਚ ਅੱਗੇ ਕਿਵੇਂ ਵਧਾਇਆ ਜਾਵੇ, ਪਿਛੋਕੜ ਦੀ ਜਾਣਕਾਰੀ ਕਾਫੀ ਅਹਿਮ ਹੁੰਦੀ ਹੈ।

ਕੁਝ ਮਿਸਾਲਾਂ, ਜੋ ਨਸਲੀ ਜਾਂ ਧਾਰਮਿਕ ਪ੍ਰਚੰਡਤਾ ਵਾਲੇ ਅਪਰਾਧਾਂ ਵਿੱਚ ਜਨਤਕ ਹਿਤ ਵਿੱਚ ਅੱਗੇ ਵਧਣ ਦਾ ਫ਼ੈਸਲਾ ਕਰਨ ਲਈ ਉਸ ਵੇਲੇ ਸਾਡੀ ਮਦਦ ਕਰਦੀਆਂ ਹਨ ਜਦੋਂ ਸ਼ਿਕਾਰ ਹੋਇਆ ਵਿਅਕਤੀ ਮੁਕੱਦਮਾ ਚਲਾਉਣ ਤੋਂ ਸਮਰਥਨ ਵਾਪਸ ਲੈ ਲੈਂਦਾ ਹੈ:

- ਅਪਰਾਧ ਦੀ ਗੰਭੀਰਤਾ;
- ਸ਼ਿਕਾਰ ਹੋਏ ਵਿਅਕਤੀ ਦੇ ਜ਼ਖ਼ਮ, ਭਾਵੇਂ ਸਰੀਰਕ ਹੋਣ ਜਾਂ ਮਨੋਵਿਗਿਆਨਕ;
- ਕੀ ਪ੍ਰਤੀਵਾਦੀ ਨੇ ਹਥਿਆਰ ਦਾ ਇਸਤੇਮਾਲ ਕੀਤਾ ਸੀ;
- ਕੀ ਪ੍ਰਤੀਵਾਦੀ ਨੇ ਹਮਲੇ ਤੋਂ ਪਹਿਲਾਂ ਜਾਂ ਮਗਰੋਂ ਕੋਈ ਧਮਕੀ ਦਿੱਤੀ ਸੀ;
- ਕੀ ਪ੍ਰਤੀਵਾਦੀ ਨੇ ਹਮਲੇ ਦੀ ਵਿਉਂਤ ਬਣਾਈ ਸੀ;

ਇਹ ਫ਼ੈਸਲਾ ਕਰਨਾ ਕਿ ਮਾਮਲੇ ਨੂੰ ਸਾਬਤ ਕਰਨ ਲਈ ਕਿਹੜਾ ਸਬੂਤ ਲੋੜੀਂਦਾ ਹੈ

- ਪ੍ਰਤੀਵਾਦੀ ਦੇ ਦੁਬਾਰਾ ਅਪਰਾਧ ਕਰਨ ਦੀ ਸੰਭਾਵਨਾ;
- ਸ਼ਿਕਾਰ ਹੋਏ ਵਿਅਕਤੀ ਜਾਂ ਕਿਸੇ ਹੋਰ ਵਿਅਕਤੀ, ਜੋ ਸ਼ਾਮਲ ਹੈ ਜਾਂ ਜਿਸਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ, ਦੀ ਸਿਹਤ ਅਤੇ ਸੁਰੱਖਿਆ ਲਈ ਲਗਾਤਾਰ ਜਾਰੀ ਖਤਰਾ;
- ਸ਼ਿਕਾਰ ਹੋਏ ਵਿਅਕਤੀ ਦੇ ਪ੍ਰਤੀਵਾਦੀ ਨਾਲ ਰਿਸ਼ਤੇ;
- ਪ੍ਰਤੀਵਾਦੀ ਦਾ ਅਪਰਾਧਕ ਪਿਛੋਕੜ, ਵਿਸ਼ੇਸ਼ ਤੌਰ 'ਤੇ ਨਸਲ ਜਾਂ ਧਰਮ ਦੇ ਅਧਾਰ 'ਤੇ ਪਹਿਲਾਂ ਦਾ ਕੋਈ ਅਪਰਾਧ; ਅਤੇ
- ਕੀ ਅਪਰਾਧ ਉਸ ਖੇਤਰ ਵਿੱਚ ਵਿਆਪਕ ਪੱਧਰ 'ਤੇ ਸੀ ਜਿੱਥੇ ਇਸ ਨੂੰ ਅੰਜਾਮ ਦਿੱਤਾ ਗਿਆ।

ਕੋਈ ਪ੍ਰੌਸੀਕਿਊਟਰ ਸ਼ਿਕਾਰ ਹੋਏ ਵਿਅਕਤੀ ਨੂੰ ਉਸ ਦੀਆਂ ਇੱਛਾਵਾਂ ਵਿਰੁੱਧ ਗਵਾਹੀ ਦੇਣ ਲਈ ਤਾਂ ਹੀ ਬੁਲਾਏਗਾ ਜੇ ਉਸ ਨੂੰ, ਪੁਲਿਸ ਅਤੇ ਦਿਲਚਸਪੀ ਰੱਖਣ ਵਾਲੀ ਕਿਸੇ ਵੀ ਧਿਰ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ, ਇਸ ਗੱਲ ਦੀ ਤਸੱਲੀ ਹੁੰਦੀ ਹੈ ਕਿ ਅਜਿਹੀ ਕਾਰਜ ਪ੍ਰਕਿਰਿਆ ਜ਼ਰੂਰੀ ਹੈ।

ਕਾਨੂੰਨ ਸਾਨੂੰ ਸ਼ਿਕਾਰ ਹੋਏ ਵਿਅਕਤੀ ਵਲੋਂ ਅਦਾਲਤ ਵਿੱਚ ਆ ਕੇ ਜ਼ੁਬਾਨੀ ਗਵਾਹੀ ਦਿੱਤੇ ਬਗੈਰ ਉਸ ਦੇ ਬਿਆਨ ਦੇ ਇਸਤੇਮਾਲ ਦੀ ਇਜਾਜ਼ਤ ਦਿੰਦਾ ਹੈ, ਪਰ ਬਹੁਤ ਹੀ ਸੀਮਿਤ ਹਾਲਾਤ ਦੇ ਵਿੱਚ। ਇਸ ਬਾਰੇ ਫ਼ੈਸਲਾ ਅਦਾਲਤ ਨੇ ਕਰਨਾ ਹੁੰਦਾ ਹੈ ਅਤੇ ਉਹ ਇਸ ਦੀ ਇਜਾਜ਼ਤ ਤਾਂ ਹੀ ਦੇਵੇਗੀ ਜੇ ਅਜਿਹਾ ਕਰਨ ਨਿਆਂ ਦੇ ਹੱਕ ਵਿੱਚ ਹੋਵੇਗਾ। ਜੇ ਸ਼ਿਕਾਰ ਹੋਇਆ ਵਿਅਕਤੀ ਹੀ ਅਪਰਾਧ ਦਾ ਇੱਕਮਾਤਰ ਗਵਾਹ ਹੈ ਤਾਂ ਅਦਾਲਤ ਨੂੰ ਇਸ ਗੱਲ 'ਤੇ ਸੰਤੁਸ਼ਟ ਕਰਨਾ ਕਾਫੀ ਮੁਸ਼ਕਲ ਹੋ ਸਕਦਾ ਹੈ ਕਿ ਉਸ ਸਮੇਂ, ਜਦੋਂ ਬਚਾਅ ਪੱਖ ਕੇਸ ਵਿਚਲੇ ਪ੍ਰਮੁੱਖ ਗਵਾਹ ਤੋਂ ਜਵਾਬੀ ਪੁੱਛਗਿੱਛ ਨਹੀਂ ਕਰ ਸਕਦਾ, ਸਹੀ ਫ਼ੈਸਲਾ ਕੀਤਾ ਜਾ ਰਹਿਾ ਹੈ।

ਜਦੋਂ ਸ਼ਿਕਾਰ ਹੋਏ ਵਿਅਕਤੀਆਂ ਅਤੇ ਗਵਾਹਾਂ ਨੂੰ ਗਵਾਹੀ ਦੇਣ ਲਈ ਅਦਾਲਤ ਵਿੱਚ ਹਾਜ਼ਰ ਹੋਣਾ ਪੈਂਦਾ ਹੈ, ਤਾਂ ਅਸੀਂ ਜਾਣਦੇ ਹਾਂ ਕਿ ਉਹਨਾਂ ਨੂੰ ਚਿੰਤਾ ਹੁੰਦੀ ਹੋਵੇਗੀ ਅਤੇ ਵਿਹਾਰਕ ਅਤੇ ਭਾਵਨਾਤਮਕ ਸਮਰਥਨ ਦੀ ਲੋੜ ਹੋ ਸਕਦੀ ਹੈ। ਅਸੀਂ ਪੈਰਾ 9 ਵਿੱਚ ਕੁਝ ਕਦਮਾਂ ਦੀ ਵਿਆਖਿਆ ਕੀਤੀ ਹੈ ਜੋ ਅਸੀਂ ਉਹਨਾਂ ਦੇ ਡਰ 'ਤੇ ਕਾਬੂ ਪਾਉਣ ਅਤੇ ਜਿੰਨਾ ਹੋ ਸਕੇ, ਬਿਹਤਰ ਗਵਾਹੀ ਦੇਣ ਵਿੱਚ ਉਹਨਾਂ ਦੀ ਮਦਦ ਲਈ ਚੁੱਕ ਸਕਦੇ ਹਾਂ।

## ਪਿਛੋਕੜ ਬਾਰੇ ਜਾਣਕਾਰੀ

*ਮਾੜਾ ਚਰਿੱਤਰ*

ਕਦੇ-ਕਦੇ ਅਜਿਹੀ ਜਾਣਕਾਰੀ ਜੋ ਸੁਝਾਉਂਦੀ ਹੈ ਕਿ ਵਿਅਕਤੀ ਅਪਰਾਧ ਲਈ ਕਸੂਰਵਾਰ ਹੈ, ਸਬੂਤ ਦੇ ਕਾਨੂੰਨੀ ਨਿਯਮਾਂ ਕਾਰਨ ਅਦਾਲਤ ਵਿੱਚ ਇਸਤੇਮਾਲ ਨਹੀਂ ਕੀਤੀ ਜਾ ਸਕਦੀ ਅਤੇ ਸਾਨੂੰ ਉਸ ਸਮੇਂ ਇਹ ਗੱਲ ਆਪਣੇ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਜਦੋਂ ਅਸੀਂ ਇਹ ਫ਼ੈਸਲਾ ਕਰ ਰਹੇ ਹੁੰਦੇ ਹਾਂ ਕਿ ਅਸੀਂ ਕੇਸ ਵਿੱਚ ਅੱਗੇ ਵੱਧ ਸਕਦੇ ਹਾਂ ਜਾਂ ਨਹੀਂ।

ਭਾਵੇਂ ਜਾਣਕਾਰੀ ਪ੍ਰਤੀਵਾਦੀ ਦਾ ਕਸੂਰ ਸਾਬਤ ਕਰਨ ਲਈ ਇਸਤੇਮਾਲ ਨਹੀਂ ਕੀਤੀ ਜਾਂ ਸਕਦੀ, ਤਾਂ ਵੀ ਇਹ ਅਜਿਹੀ ਪਿਛੋਕੜ ਵਾਲੀ ਜਾਣਕਾਰੀ ਬਣ ਸਕਦੀ ਹੈ ਜੋ ਪ੍ਰੋਸੀਕਿਊਟਰ ਨੂੰ ਅਪਰਾਧ ਨੂੰ ਇਸ ਸੰਦਰਭ ਵਿੱਚ ਰੱਖਣ ਦੇ ਯੋਗ ਬਣਾਏਗੀ। ਮਿਸਾਲ ਦੇ ਤੌਰ 'ਤੇ, ਹੋ ਸਕਦਾ ਹੈ ਕਿ ਸ਼ਿਕਾਰ ਹੋਏ ਵਿਅਕਤੀ ਨੂੰ ਵਾਰ-ਵਾਰ ਹਮਲਿਆਂ ਦਾ ਨਿਸ਼ਾਨਾ ਬਣਾਇਆ ਗਿਆ ਹੋਵੇ ਅਤੇ ਹੋ ਸਕਦਾ ਹੈ ਕਿ ਜੇ ਮੁਕੱਦਮਾ ਚਲਾਉਣ ਦੀ ਕਾਰਵਾਈ ਅੱਗੇ ਨਹੀਂ ਵਧਦੀ ਤਾਂ ਉਹਨਾਂ ਨੂੰ ਕੁਝ ਨਤੀਜੇ ਭੁਗਤਣੇ ਪੈਣ, ਜਿਵੇਂ ਕਿ ਬੇਦਖਲੀ।
ਕੁਝ ਜਾਣਕਾਰੀ ਹਾਊਸਿੰਗ ਅਥਾਰਟੀਆਂ ਜਾਂ ਸਵੈ-ਸੇਵੀ ਏਜੰਸੀਆਂ ਵਰਗੇ ਸ੍ਰੋਤਾਂ ਤੋਂ ਲੈਣ ਦੀ ਲੋੜ ਪੈ ਸਕਦੀ ਹੈ। ਇਹ ਸਾਰੀ ਜਾਣਕਾਰੀ ਪੁਲਿਸ ਵੱਲੋਂ ਇਕੱਠੀ ਕਰਕੇ ਸੀ.ਪੀ.ਐਸ. ਪ੍ਰੋਸੀਕਿਊਟਰ ਨੂੰ ਜ਼ਰੂਰ ਦੇ ਦਿੱਤੀ ਜਾਣੀ ਚਾਹੀਦੀ ਹੈ।

## ਸ਼ਿਕਾਰ ਹੋਏ ਵਿਅਕਤੀ ਦੇ ਬਿਆਨ

ਪ੍ਰੋਸੀਕਿਊਟਰ ਅਤੇ ਅਦਾਲਤ ਲਈ ਜਾਣਕਾਰੀ ਦਾ ਇੱਕ ਹੋਰ ਸ੍ਰੋਤ ਹੈ ਸ਼ਿਕਾਰ ਹੋਏ ਵਿਅਕਤੀ ਦਾ ਵਿਅਕਤੀਗਤ ਬਿਆਨ। ਇਹ ਸ਼ਿਕਾਰ ਹੋਏ ਵਿਅਕਤੀ ਵੱਲੋਂ ਦਿੱਤਾ ਗਿਆ ਬਿਆਨ ਹੁੰਦਾ ਹੈ ਜਿਸ ਵਿੱਚ ਸ਼ਿਕਾਰ ਹੋਇਆ ਵਿਅਕਤੀ ਉਸ ਪ੍ਰਭਾਵ ਦੀ ਵਿਆਖਿਆ ਕਰਦਾ ਹੈ ਜੋ ਜੁਰਮ ਕਰਕੇ ਉਸ ਦੀ ਜ਼ਿੰਦਗੀ 'ਤੇ ਪਿਆ ਹੈ।

ਸ਼ਿਕਾਰ ਹੋਇਆ ਵਿਅਕਤੀ ਅਜਿਹਾ ਬਿਆਨ ਦੇਣ ਜਾਂ ਨਾ ਦੇਣ ਦੀ ਚੋਣ ਕਰ ਸਕਦਾ ਹੈ ਅਤੇ ਗਵਾਹ ਦਾ ਬਿਆਨ ਦੇਣ ਤੋਂ ਤੁਰੰਤ ਬਾਅਦ ਉਸ ਨੂੰ ਅਜਿਹਾ ਕਰਨ ਲਈ ਬੁਲਾਇਆ ਜਾਏਗਾ। ਸ਼ਿਕਾਰ ਹੋਏ ਵਿਅਕਤੀ ਦਾ ਵਿਅਕਤੀਗਤ ਬਿਆਨ ਮੁਕੱਦਮੇ ਦੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ, ਕਿਸੇ ਵੀ ਸਮੇਂ, ਅਤੇ ਇੱਕ ਤੋਂ ਵੱਧ ਵਾਰ ਦਿੱਤਾ ਜਾ ਸਕਦਾ ਹੈ। ਇਸ ਵਿੱਚ ਸ਼ਿਕਾਰ ਹੋਏ ਵਿਅਕਤੀ 'ਤੇ ਜੁਰਮ ਦੇ ਲੰਬੇ ਸਮੇਂ ਤਕ ਪੈਣ ਵਾਲੇ ਪ੍ਰਭਾਵ ਬਾਰੇ ਜਿੰਨੀ ਵੱਧ ਜਾਣਕਾਰੀ ਸ਼ਾਮਲ ਹੋਵੇਗੀ, ਇਸ ਦੇ ਓਨਾ ਹੀ ਵੱਧ ਮਦਦਗਾਰ ਹੋਣ ਦੀ ਸੰਭਾਵਨਾ ਹੁੰਦੀ ਹੈ।

ਸ਼ਿਕਾਰ ਹੋਏ ਵਿਅਕਤੀ ਦੇ ਵਿਅਕਤੀਗਤ ਬਿਆਨ ਨਾਲ ਪ੍ਰੋਸੀਕਿਊਟਰ ਨੂੰ ਜੁਰਮ ਦੇ ਪ੍ਰਭਾਵ ਸਮਝਣ ਵਿੱਚ ਆਸਾਨੀ ਹੁੰਦੀ ਹੈ ਅਤੇ ਸਹੀ ਦੋਸ਼ ਆਇਦ ਕਰਨ ਦੇ ਫ਼ੈਸਲੇ ਵਿੱਚ ਮਦਦ ਮਿਲਦੀ ਹੈ। ਸ਼ਿਕਾਰ ਹੋਏ ਵਿਅਕਤੀ ਇਹ ਕਹਿ ਸਕਦੇ ਹਨ ਕਿ ਕੀ ਦੋਸ਼ੀ ਵਿਅਕਤੀ ਦੇ ਜ਼ਮਾਨਤ 'ਤੇ ਹੋਣ ਬਾਰੇ ਉਹਨਾਂ ਦੀਆਂ ਕੋਈ ਚਿੰਤਾਵਾਂ ਹਨ, ਕੀ ਉਹਨਾਂ ਨੂੰ ਧਮਕੀ ਦਾ ਡਰ ਜਾਂ ਡਰਾਏ-ਧਮਕਾਏ ਜਾਣ ਦਾ ਅਹਿਸਾਸ ਹੁੰਦਾ ਹੈ, ਅਤੇ ਕੀ ਉਹ ਕਿਸੇ ਇੱਕ ਸਵੈ-ਸੇਵੀ ਏਜੰਸੀ ਤੋਂ ਹਮਾਇਤ ਲੈਣਾ ਚਾਹੁੰਦੇ ਹਨ।

ਜੇ ਸ਼ਿਕਾਰ ਹੋਏ ਵਿਅਕਤੀ ਦਾ ਵਿਅਗਤੀਗਤ ਬਿਆਨ ਹੈ, ਤਾਂ ਅਸੀਂ ਅਦਾਲਤ ਨੂੰ ਇਸ ਬਾਰੇ ਦੱਸਾਂਗੇ ਤਾਂ ਜੋ ਅਦਾਲਤ ਨੂੰ ਜ਼ਮਾਨਤ ਅਤੇ ਸਜ਼ਾ ਬਾਰੇ ਫ਼ੈਸਲਾ ਲੈਣ ਵਿੱਚ ਮਦਦ ਮਿਲ ਸਕੇ। ਇਸ ਬਾਰੇ ਹੋਰ ਜਾਣਕਾਰੀ, ਕਿ ਸ਼ਿਕਾਰ ਹੋਏ ਵਿਅਕਤੀ ਦੇ ਵਿਅਕਤੀਗਤ ਬਿਆਨ ਦਾ ਇਸਤੇਮਾਲ ਕਿਵੇਂ ਕੀਤਾ ਜਾਂਦਾ ਹੈ, ਪੈਰਾ 11 ਵਿੱਚ ਦਿੱਤੀ ਗਈ ਹੈ।

# 9 ਸ਼ਿਕਾਰ ਹੋਏ ਵਿਅਕਤੀਆਂ ਅਤੇ ਗਵਾਹਾਂ ਦੀ ਸਬੂਤ ਦੇਣ ਵਿੱਚ ਮਦਦ ਕਰਨੀ

ਕੇਸਾਂ ਬਾਰੇ ਮੁਕੱਦਮਾ ਚਲਾਉਂਦੇ ਸਮੇਂ ਅਸੀਂ ਸੱਭਿਆਚਾਰਕ ਅਤੇ ਧਾਰਮਿਕ ਸੰਵੇਦਨਸ਼ੀਲਤਾ ਦਾ ਧਿਆਨ ਰੱਖਣ ਦੀ ਕੋਸ਼ਿਸ਼ ਕਰਾਂਗੇ।

ਅਸੀਂ ਗਵਾਹ ਨੂੰ ਅਦਾਲਤ ਵਿੱਚ ਬੁਲਾਉਣ ਤੋਂ ਪਹਿਲਾਂ ਜਿੰਨਾ ਸੰਭਵ ਹੋ ਸਕਿਆ ਗਵਾਹ ਦੇ ਹਾਲਾਤ ਬਾਰੇ ਪਤਾ ਲਗਾਉਣ ਦੀ ਕੋਸ਼ਿਸ਼ ਕਰਾਂਗੇ, ਜਿਵੇਂ ਕਿ ਕਿਹੜਾ ਪਵਿਤਰ ਗ੍ਰੰਥ ਸਹੁੰ ਚੁੱਕਣ ਲਈ ਢੁਕਵਾਂ ਹੋਵੇਗਾ ਅਤੇ ਕੀ ਗਵਾਹ ਸਹੁੰ ਚੁੱਕਣ ਨੂੰ ਤਰਜੀਹ ਦਿੰਦਾ ਹੈ ਜਾਂ ਨਹੀਂ।

ਸੁਣਵਾਈ ਦੀਆਂ ਤਾਰੀਖ਼ਾਂ ਜਾਂ ਮੁਲਾਕਾਤਾਂ ਤੈਅ ਕਰਦੇ ਸਮੇਂ, ਅਸੀਂ ਇਹ ਯਕੀਨੀ ਬਣਾਵਾਂਗੇ ਕਿ ਧਾਰਮਿਕ ਤਿਉਹਾਰਾਂ ਵਰਗੇ ਕੇਸਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ।

ਅਸੀਂ ਉਮਰ, ਅਪਾਹਜਤਾ, ਜਿਣਸੀ ਰੁਝਾਨ, ਲਿੰਗ ਜਾਂ ਲਿੰਗੀ ਪਛਾਣ ਨਾਲ ਸੰਬੰਧਤ ਕਿਸੇ ਵੀ ਸੰਵੇਦਨਸ਼ੀਲਤਾ ਨੂੰ ਧਿਆਨ ਵਿੱਚ ਰੱਖਣ ਦੀ ਕੋਸ਼ਿਸ਼ ਕਰਾਂਗੇ ਤਾਂ ਜੋ ਗਵਾਹਾਂ ਨੂੰ ਸਾਨੂੰ ਮਿਲਦੇ ਸਮੇਂ ਜਾਂ ਅਦਾਲਤ ਜਾਂਦੇ ਸਮੇਂ ਜਿੰਨਾ ਸੰਭਵ ਹੋ ਸਕਦਾ ਹੈ ਸੁਵਿਧਾਜਨਕ ਲੱਗੇ।

## ਵਿਸ਼ੇਸ਼ ਉਪਾਅ

ਕੁਝ ਹਾਲਾਤ ਵਿੱਚ ਅਦਾਲਤ ਗਵਾਹ ਨੂੰ ''ਵਿਸ਼ੇਸ਼ ਉਪਾਆਂ'' ਦੀ ਮਦਦ ਨਾਲ ਸਬੂਤ ਦੇਣ ਦੀ ਇਜਾਜ਼ਤ ਦੇਣ ਲਈ ਸਹਿਮਤ ਹੋ ਸਕਦੀ ਹੈ। ਵਿਸ਼ੇਸ਼ ਉਪਾਆਂ ਦੀ ਜਾਂਚ ਪਹਿਲਾਂ ਪੁਲਿਸ ਵੱਲੋਂ ਅਤੇ ਫੇਰ ਪ੍ਰੋਸੀਕਿਊਟਰ ਵੱਲੋਂ ਹੋਣੀ ਚਾਹੀਦੀ ਹੈ। ਵਿਟਨੈਸ ਕੇਅਰ ਆਫਿਸਰ (ਵਿਸ਼ੇਸ਼ ਉਪਾਅ) ਦੀ ਲੋੜ ਬਾਰੇ ਮੁੱਲਾਂਕਣ ਕਰਨ ਤੋਂ ਬਾਅਦ ਦਿੱਤੀ ਜਾਣਕਾਰੀ ਲੈ ਸਕਦਾ ਹੈ ਪਰ ਇਹ ਫ਼ੈਸਲਾ ਅਦਾਲਤ ਕਰੇਗੀ ਕਿ ਉਹਨਾਂ ਨੂੰ ਇਜਾਜ਼ਤ ਦੇਣੀ ਚਾਹੀਦੀ ਹੈ ਜਾਂ ਨਹੀਂ। ਕੋਡ ਆਫ ਪ੍ਰੈਕਟਿਸ ਫਾਰ ਵਿਕਟਮ ਆਫ ਕ੍ਰਾਈਮ ਦਾ ਸੈਕਸ਼ਨ 7.8 ਇਹ ਬਿਆਨ ਕਰਦਾ ਹੈ ਕਿ ਸੀ.ਪੀ.ਐਸ. ਪ੍ਰੋਸੀਕਿਊਟਰਾਂ ਨੂੰ ਸੰਭਾਵਤ ਤੌਰ 'ਤੇ ਲਾਚਾਰ ਜਾਂ ਡਰਾਏ-ਧਮਕਾਏ ਗਏ ਸ਼ਿਕਾਰ ਹੋਏ ਉਹਨਾਂ ਵਿਅਕਤੀਆਂ ਲਈ ਵਿਸ਼ੇਸ਼ ਉਪਾਆਂ ਵਾਸਤੇ ਦਰਖ਼ਾਸਤ ਲਈ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ ਜਿਹਨਾਂ ਨੂੰ ਸਬੂਤ ਦੇਣ ਲਈ ਗਵਾਹ ਵੱਜੋਂ ਬੁਲਾਇਆ ਜਾਣਾ ਹੁੰਦਾ ਹੈ।

ਵਿਸ਼ੇਸ਼ ਉਪਾਅ ਕ੍ਰਾਊਨ ਕੋਰਟ ਅਤੇ ਮੈਜਿਸਟ੍ਰੇਟ ਦੀਆਂ ਅਦਾਲਤਾਂ ਵਿੱਚ ਉਪਲਬਧ ਹਨ। ਉਹ ਅੱਗੇ ਦਿੱਤੇ ਗਵਾਹਾਂ ਦੀ ਮਦਦ ਲਈ ਉਪਲਬਧ ਹਨ:

- 17 ਸਾਲ ਤੋਂ ਘੱਟ ਉਮਰ ਦੇ ਬੱਚੇ;
- ਬਾਲਗ (ਸਾਲ ਅਤੇ ਇਸ ਤੋਂ ਵਧ) ਜਿਹਨਾਂ ਨੂੰ ਅਯੋਗ ਮੰਨਿਆ ਜਾ ਸਕਦਾ ਹੋਵੇ, ਜਿਵੇਂ ਕਿ ਸਰੀਰਕ ਜਾਂ ਮਾਨਸਿਕ ਵਿਗਾੜ[2]; ਜਾਂ ਸਿੱਖਣ ਦੀ ਅਪਾਹਜਤਾ; ਅਤੇ
- ਉਹ ਗਵਾਹ ਜਿਹਨਾਂ ਦੇ ਡਰਾਏ-ਧਮਕਾਏ ਜਾਣ ਕਾਰਨ ਉਹਨਾਂ ਦਾ ਸਬੂਤ ਪ੍ਰਭਾਵਿਤ ਹੋ ਸਕਦਾ ਹੈ (ਮਿਸਾਲ ਦੇ ਤੌਰ 'ਤੇ ਕਿਉਂਕਿ ਉਹ ਸਬੂਤ ਦੇਣ ਲਈ ਡਰੇ ਹੋਏ ਹਨ ਜਾਂ ਦਬਾਅ ਹੇਠ ਹਨ)।

ਵਿਸ਼ੇਸ਼ ਉਪਾਅ ਲਾਚਾਰ ਅਤੇ ਡਰਾਏ-ਧਮਕਾਏ ਵਿਅਕਤੀਆਂ ਨੂੰ ਬਿਹਤਰ ਸੰਭਵ ਜ਼ਰੀਏ ਅਤੇ ਘੱਟ ਤੋਂ ਘੱਟ ਸੰਭਵ ਦਬਾਅ ਨਾਲ ਆਪਣੀ ਗਵਾਹੀ ਦੇਣ ਵਿੱਚ ਸਹਾਇਤਾ ਕਰ ਸਕਦੇ ਹਨ।

ਵਿਸ਼ੇਸ਼ ਉਪਾਆਂ ਵਿੱਚ ਹੋਰਨਾਂ ਗੱਲਾਂ ਦੇ ਨਾਲ ਸ਼ਾਮਲ ਹੈ:

- ਸ਼ਿਕਾਰ ਹੋਏ ਵਿਅਕਤੀ ਜਾਂ ਗਵਾਹ ਦੇ ਵੀਡੀਓ ਰਾਹੀਂ ਰਿਕਾਰਡ ਕੀਤੇ ਬਿਆਨ ਨੂੰ ਅਦਾਲਤ ਵਿੱਚ ਚਲਾਉਣਾ (ਉਹ ਬਿਆਨ ਜੋ ਪੁਲਿਸ ਨੇ ਜਾਂਚ ਦੌਰਾਨ ਪਹਿਲਾਂ ਲਿਆ ਸੀ);
- ਸ਼ਿਕਾਰ ਹੋਏ ਵਿਅਕਤੀਆਂ ਜਾਂ ਹੋਰ ਗਵਾਹ ਅਤੇ ਪ੍ਰਤੀਵਾਦੀ ਦੇ ਇੱਕ-ਦੂਜੇ ਨੂੰ ਦੇਖੇ ਜਾਣ ਤੋਂ ਰੋਕਣ ਲਈ ਸਕ੍ਰੀਨਾਂ ਦੇ ਇਸਤੇਮਾਲ ਦੀ ਇਜਾਜ਼ਤ ਦੇਣੀ;
- ਅਦਾਲਤ ਦੇ ਕਮਰੇ ਤੋਂ ਦੂਰ ਸਿੱਧੇ ਟੈਲੀਵਿਜ਼ਨ ਸੰਪਰਕ ਜ਼ਰੀਏ ਸਬੂਤ ਦੇਣਾ (ਪਰ ਪ੍ਰਤੀਵਾਦੀ ਅਜੇ ਵੀ ਉਹਨਾਂ ਨੂੰ ਦੇਖ ਸਕੇਗਾ); ਅਤੇ
- ਜਿਣਸੀ ਅਪਰਾਧਾਂ ਦੇ ਕੇਸਾਂ ਜਾਂ ਡਰਾਏ-ਧਮਕਾਏ ਜਾਣ ਦੇ ਕੇਸਾਂ ਵਿੱਚ ਜਨਤਕ ਗੈਲਰੀ ਤੋਂ ਲੋਕਾਂ ਨੂੰ ਹਟਾਉਣਾ

ਸਾਨੂੰ ਅਦਾਲਤ ਨੂੰ ਵਿਸ਼ੇਸ਼ ਉਪਾਅ ਦੀ ਇਜਾਜ਼ਤ ਲਈ ਕਹਿਣਾ ਪੈਂਦਾ ਹੈ ਅਤੇ ਅਜਿਹਾ ਨਹੀਂ ਹੈ ਕਿ ਉਹਨਾਂ ਦੀ ਇਜਾਜ਼ਤ ਖੁਦ-ਬ-ਖੁਦ ਹੀ ਮਿਲ ਜਾਵੇਗੀ।

ਅਦਾਲਤ ਨੂੰ ਗਵਾਹ ਲਈ ਵਿਸ਼ੇਸ਼ ਉਪਾਅ ਦੀ ਇਜਾਜ਼ਤ ਦੇਣ ਜਾਂ ਨਾ ਦੇਣ ਬਾਰੇ ਫ਼ੈਸਲਾ ਕਰਨ ਤੋਂ ਪਹਿਲਾਂ ਕੁਝ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਪੈਂਦਾ ਹੈ। ਇਹਨਾਂ ਵਿੱਚ ਸ਼ਾਮਲ ਹਨ:

---

[2] ਇਸ ਵਿੱਚ ਉਹ ਕੋਈ ਵਿਅਕਤੀ ਸ਼ਾਮਲ ਹੈ ਜੋ ਕਿਸੇ ਖਾਸ ਹਾਲਾਤ ਵਿੱਚ ਰਹਿੰਦਾ ਹੈ ਅਤੇ ਜੇ ਤੱਥ ਵਿਆਪਕ ਪੱਧਰ 'ਤੇ ਪ੍ਰਸਾਰਤ ਹੁੰਦੇ ਹਨ ਤਾਂ ਉਹ ਹਾਲਾਤ ਉਸ ਨੂੰ ਮੁਕੱਦਮੇ ਦੀ ਕਾਰਵਾਈ ਦੀ ਪਾਲਣਾ ਕਰਨ ਤੋਂ ਰੋਕ ਸਕਦੇ ਹਨ।

ਸ਼ਿਕਾਰ ਹੋਏ ਵਿਅਕਤੀਆਂ ਅਤੇ ਗਵਾਹਾਂ ਦੀ ਸਬੂਤ ਦੇਣ ਵਿੱਚ ਮਦਦ ਕਰਨੀ

- ਗਵਾਹ ਦਾ ਸਮਾਜਿਕ ਅਤੇ ਸੱਭਿਆਚਾਰਕ ਪਿਛੋਕੜ ਅਤੇ ਨਸਲੀ ਮੂਲ;
- ਗਵਾਹ ਦੀਆਂ ਧਾਰਮਿਕ ਆਸਥਾਵਾਂ; ਅਤੇ
- ਪ੍ਰਤੀਵਾਦੀ ਜਾਂ ਉਸਦੇ ਪਰਿਵਾਰਕ ਜਾਂ ਸਹਿਯੋਗੀਆਂ ਵੱਲੋਂ ਗਵਾਹ ਪ੍ਰਤੀ ਕਿਸੇ ਤਰ੍ਹਾਂ ਦਾ ਵਿਹਾਰ।

ਅਦਾਲਤ ਨੂੰ ਗਵਾਹ ਵੱਲੋਂ ਇਸ ਬਾਰੇ ਪ੍ਰਗਟਾਏ ਕਿਸੇ ਵੀ ਵਿਚਾਰ ਨੂੰ ਵੀ ਧਿਆਨ ਵਿੱਚ ਰੱਖਣਾ ਪੈਂਦਾ ਹੈ ਕਿ ਉਹ ਕਿਵੇਂ ਸਬੂਤ ਦੇਣਾ ਚਾਹੁੰਦਾ ਜਾਂ ਚਾਹੁੰਦੀ ਹੈ।

ਇਹ ਸੂਚੀ ਮੁਕੰਮਲ ਨਹੀਂ ਹੈ ਅਤੇ ਅਦਾਲਤ ਕਿਸੇ ਵੀ ਅਜਿਹੀ ਗੱਲ 'ਤੇ ਵਿਚਾਰ ਕਰ ਸਕਦੀ ਹੈ ਜਿਸ ਬਾਰੇ ਇਹ ਸਮਝਦੀ ਹੈ ਕਿ ਇਸ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਇਹ ਅਹਿਮ ਹੈ ਕਿ ਸਾਡੇ ਕੋਲ ਉਹ ਸਾਰੀ ਜਾਣਕਾਰੀ ਹੋਵੇ ਜੋ ਗਵਾਹ ਲਈ ਵਿਸ਼ੇਸ਼ ਉਪਾਅ ਨੂੰ ਅਮਲ ਵਿੱਚ ਲਿਆਉਣ ਵਿੱਚ ਮਦਦ ਕਰ ਸਕਦੀ ਹੋਵੇ। ਆਮ ਤੌਰ 'ਤੇ ਪੁਲਿਸ ਜਾਂ ਵਿਟਨੈਸ ਕੇਅਰ ਆਫਿਸਰ ਹੀ ਹੁੰਦੇ ਹਨ ਜੋ ਇਹ ਜਾਣਕਾਰੀ ਸਾਡੇ ਤਕ ਪਹੁੰਚਾਉਣਗੇ। ਕਈ ਵਾਰੀ ਅਸੀਂ ਗਵਾਹ ਨਾਲ ਸਿੱਧੇ ਤੌਰ 'ਤੇ ਮਿਲ ਕੇ ਵੀ ਇਹ ਜਾਣਕਾਰੀ ਹਾਸਲ ਕਰ ਸਕਦੇ ਹਾਂ।

## ਸੀ.ਪੀ.ਐਸ. ਅਤੇ ਲਾਚਾਰ ਜਾਂ ਡਰਾਏ-ਧਮਕਾਏ ਗਏ ਸ਼ਿਕਾਰ ਹੋਏ ਵਿਅਕਤੀਆਂ ਅਤੇ ਗਵਾਹਾਂ ਵਿਚਕਾਰ ਮੀਟਿੰਗ

ਜਿੱਥੇ ਅਸੀਂ ਵਿਸ਼ੇਸ਼ ਉਪਾਆਂ ਲਈ ਅਦਾਲਤ ਨੂੰ ਦਰਖ਼ਾਸਤ ਦੇਣ ਦੇ ਫ਼ੈਸਲੇ 'ਤੇ ਵਿਚਾਰ ਕਰਦੇ ਹਾਂ, ਉੱਥੇ ਅਸੀਂ ਪੁਲਿਸ ਨੂੰ ਇਹ ਪਤਾ ਕਰਨ ਲਈ ਕਹਾਂਗੇ ਕਿ ਕੀ ਗਵਾਹ ਪ੍ਰੋਸੀਕਿਊਟਰ ਨੂੰ ਮਿਲਣਾ ਚਾਹੇਗਾ।

ਅਜਿਹੀ ਮੀਟਿੰਗ ਦਾ ਮਕਸਦ ਵਿਸ਼ਵਾਸ ਅਤੇ ਭਰੋਸਾ ਪੈਦਾ ਕਰਨਾ, ਅਤੇ ਆਪਣੇ ਆਪ ਨੂੰ ਇਸ ਯੋਗ ਬਣਾਉਣਾ ਹੁੰਦਾ ਹੈ ਕਿ ਅਸੀਂ ਗਵਾਹ ਨੂੰ ਇਹ ਮੁੜ ਤੋਂ ਯਕੀਨ ਦੁਆ ਸਕੀਏ ਕਿ ਉਹਨਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ। ਜੇ ਅਸੀਂ ਵਿਸ਼ੇਸ਼ ਉਪਾਆਂ ਲਈ ਦਰਖ਼ਾਸਤ ਨਾ ਦੇਣ ਬਾਰੇ ਫ਼ੈਸਲਾ ਕੀਤਾ ਹੈ ਤਾਂ ਅਸੀਂ ਉਦੋਂ ਵੀ ਅਜਿਹੀ ਮੀਟਿੰਗ ਦੀ ਪੇਸ਼ਕਸ਼ ਕਰਾਂਗੇ ਤਾਂ ਜੋ ਅਸੀਂ ਉਸ ਫ਼ੈਸਲੇ ਦੀ ਵਿਆਖਿਆ ਕਰ ਸਕੀਏ। ਗਵਾਹ ਲਈ ਜ਼ਰੂਰੀ ਨਹੀਂ ਹੁੰਦਾ ਕਿ ਉਹ ਕਿਸੇ ਸਾਥ ਦੇ ਬਿਨਾਂ ਇਸ ਮੀਟਿੰਗ ਵਿੱਚ ਹਾਜ਼ਰ ਹੋਵੇ। ਉਹ ਕਿਸੇ ਭਾਈਵਾਲ, ਕਿਸੇ ਰਿਸ਼ਤੇਦਾਰ, ਕਿਸੇ ਦੋਸਤ ਜਾਂ ਹੋਰ ਕਿਸੇ ਸਮਰਥਕ ਨੂੰ ਨਾਲ ਲਿਆ ਸਕਦੇ ਹਨ। ਸ਼ਿਕਾਰ ਹੋਏ ਵਿਅਕਤੀ ਨਾਲ ਗੱਲਬਾਤ ਨੂੰ ਸੁਖ਼ਾਲਾ ਕਰਨ ਲਈ, ਇਹ ਢੁਕਵਾਂ ਹੋ ਸਕਦਾ ਕਿ ਇੱਕ

ਦੁਭਾਸ਼ੀਆ ਜਾਂ ਕੋਈ ਹੋਰ ਅਜਿਹਾ ਵਿਅਕਤੀ ਇਸ ਮੀਟਿੰਗ ਵਿੱਚ ਮੌਜੂਦ ਹੋਵੇ। ਜਿੱਥੇ ਵੀ ਸੰਭਵ ਹੋਵੇਗਾ, ਸੀ.ਪੀ.ਐਸ. ਪ੍ਰੌਸੀਕਿਊਟਰ ਇਹ ਗੱਲ ਯਕੀਨੀ ਬਣਾਏਗਾ ਕਿ ਮੁਕੱਦਮੇ ਦੀ ਕਾਰਵਾਈ ਕਰਨ ਵਾਲਾ ਵਕੀਲ ਸੀ.ਪੀ.ਐਸ. ਪ੍ਰੌਸੀਕਿਊਟਰ ਅਤੇ ਗਵਾਹ ਵਿਚਾਲੇ ਹੋਣ ਵਾਲੀ ਮੀਟਿੰਗ ਵਿੱਚ ਮੌਜੂਦ ਰਹੇ। ਸੀ.ਪੀ.ਐਸ. ਪ੍ਰੌਸੀਕਿਊਟਰ ਸ਼ਿਕਾਰ ਹੋਏ ਵਿਅਕਤੀ ਨੂੰ ਅਦਾਲਤ ਨਾਲ ਜਾਣ-ਪਛਾਣ ਕਰਵਾਉਣ ਵਾਲੀ ਫੇਰੀ ਦੀ ਪੇਸ਼ਕਸ਼ ਵੀ ਕਰੇਗਾ।

ਲਾਚਾਰ ਜਾਂ ਡਰਾਏ-ਧਮਕਾਏ ਗਵਾਹਾਂ ਨਾਲ ਮੀਟਿੰਗਾਂ ਬਾਰੇ ਹੋਰ ਜਾਣਕਾਰੀ ਇਸ ਲੀਫਲੈਟ ਵਿੱਚ ਸ਼ਾਮਲ ਹੈ: ''ਗਵਾਹੋ, ਸੀ.ਪੀ.ਐਸ. ਪ੍ਰੌਸੀਕਿਊਟਰ ਨਾਲ ਤੁਹਾਡੀ ਮੀਟਿੰਗ'' ਇਹ ਕਿਤਾਬਚਾ ਸੀ.ਪੀ.ਐਸ.CPS Communications Branch, 50 Ludgate Hill, London EC4 7EX ਤੋਂ, ਜਾਂ ਸਾਡੀ ਇਸ ਵੈਬਸਾਈਟ ਤੋਂ ਮਿਲ ਸਕਦਾ ਹੈ:

http://www.cps.gov.uk/publications/prosecution/witnesseng.html

## ਗੁਮਨਾਮੀ

ਬਹੁਤੇ ਸ਼ਿਕਾਰ ਹੋਏ ਵਿਅਕਤੀ ਅਤੇ ਗਵਾਹ ਆਪਣੀ ਨਿਜੀ ਸੁਰੱਖਿਆ ਨੂੰ ਲੈ ਕੇ ਫ਼ਿਕਰਮੰਦ ਹੁੰਦੇ ਹਨ ਅਤੇ ਖਾਸ ਕਰਕੇ ਉਹਨਾਂ ਨੂੰ ਚਿੰਤਾ ਹੁੰਦੀ ਹੈ ਕਿ ਉਹਨਾਂ ਦੇ ਵਿਅਕਤੀਗਤ ਵੇਰਵੇ ਜਾਂ ਜਾਣਕਾਰੀ ਆਮ ਲੋਕਾਂ ਦੇ ਧਿਆਨ ਵਿੱਚ ਆ ਸਕਦੇ ਹਨ ਅਤੇ ਉਹਨਾਂ 'ਤੇ ਹੋਰ ਹਮਲੇ ਜਾਂ ਪਰੇਸ਼ਾਨੀ ਦਾ ਖ਼ਤਰਾ ਖੜ੍ਹਾ ਕਰ ਸਕਦੇ ਹਨ।

ਆਮ ਤੌਰ 'ਤੇ, ਇਹ ਸਾਡੀ ਫੌਜਦਾਰੀ ਨਿਆਂਇਕ ਪ੍ਰਣਾਲੀ ਦਾ ਮੌਲਿਕ ਸਿਧਾਂਤ ਹੈ ਕਿ ਜਿਹਨਾਂ ਲੋਕਾਂ 'ਤੇ ਜੁਰਮ ਕਰਨ ਦਾ ਇਲਜ਼ਾਮ ਲੱਗਾ ਹੈ, ਉਹਨਾਂ ਨੂੰ ਆਪਣੇ 'ਤੇ ਇਲਜ਼ਾਮ ਲਗਾਉਣ ਵਾਲਿਆਂ ਦਾ ਨਾਂ ਜਾਣਨ ਦਾ ਅਧਿਕਾਰ ਹੁੰਦਾ ਹੈ। ਜ਼ਿਆਦਾਤਰ ਫੌਜਦਾਰੀ ਪ੍ਰਕਿਰਿਆਵਾਂ ਜਨਤਕ ਤੌਰ 'ਤੇ ਹੁੰਦੀਆਂ ਹਨ, ਅਤੇ ਗਵਾਹ ਦੀ ਸ਼ਨਾਖ਼ਤ ਬਾਰੇ ਜਾਣਕਾਰੀ ਜਨਤਕ ਰਿਕਾਰਡ ਦਾ ਕੇਸ ਬਣ ਜਾਵੇਗੀ।

ਐਪਰ, ਗਵਾਹਾਂ ਦੇ ਪਤੇ ਬਾਰੇ ਖੁਲਾਸਾ ਪ੍ਰਤੀਵਾਦੀ ਨੂੰ ਨਹੀਂ ਕੀਤਾ ਜਾਂਦਾ ਅਤੇ, ਜਦੋਂ ਤਕ ਇਸ ਬਾਰੇ ਪਹਿਲਾਂ ਹੀ ਪਤਾ ਹੋਵੇ (ਮਿਸਾਲ ਦੇ ਤੌਰ 'ਤੇ, ਜਿੱਥੇ ਅਪਰਾਧ ਗਵਾਂਢੀ ਵੱਲੋਂ ਕੀਤਾ ਗਿਆ ਹੋਵੇ) ਜਾਂ ਗਵਾਹੀ ਦੇ ਮੰਤਵ ਲਈ ਲੋੜੀਂਦਾ ਨਾ ਹੋਵੇ, ਇਸ ਦਾ ਜ਼ਿਕਰ ਅਦਾਲਤ ਦੀ ਕਾਰਵਾਈ ਵਿੱਚ ਨਹੀਂ ਕੀਤਾ ਜਾਵੇਗਾ।

ਅਦਾਲਤ, ਕੁਝ ਹਾਲਾਤ ਵਿੱਚ, ਗਵਾਹਾਂ ਨੂੰ ਖੁੱਲ੍ਹੀ ਅਦਾਲਤ ਵਿੱਚ ਆਪਣਾ ਨਾਮ ਨਾ ਦੇਣ ਦੀ ਇਜਾਜ਼ਤ ਦਿੰਦੀ ਹੈ। ਇੱਕ ਵਿਚਾਰ, ਜਿਸ ਨੂੰ ਅਦਾਲਤ ਧਿਆਨ ਵਿੱਚ ਰੱਖੇਗੀ, ਇਹ ਹੋਵੇਗਾ ਕਿ, ਕੀ ਕਿਸੇ ਗਵਾਹ ਦਾ ਨਾਮ ਦੱਸਣ ਨਾਲ ਭਵਿੱਖ ਵਿੱਚ ਅਜਿਹੇ ਹੀ ਕੇਸਾਂ ਵਿੱਚ ਹੋਰਨਾਂ ਗਵਾਹਾਂ ਤੋਂ ਗਵਾਹੀ ਲੈਣ ਵਿੱਚ ਹੋਰ ਮੁਸ਼ਕਲ ਪੇਸ਼ ਆ ਸਕਦੀ ਹੈ।

ਸ਼ਿਕਾਰ ਹੋਏ ਵਿਅਕਤੀਆਂ ਅਤੇ ਗਵਾਹਾਂ ਦੀ ਸਬੂਤ ਦੇਣ ਵਿੱਚ ਮਦਦ ਕਰਨੀ

ਗੰਭੀਰ ਜਿਣਸੀ ਅਪਰਾਧਾਂ ਦੇ ਸ਼ਿਕਾਰ ਹੋਏ ਵਿਅਕਤੀਆਂ ਨੂੰ ਕਾਨੂੰਨ ਵਲੋਂ ਇਹ ਅਧਿਕਾਰ ਮਿਲਿਆ ਹੁੰਦਾ ਹੈ ਕਿ ਪ੍ਰੈਸ ਵਿੱਚ ਉਹਨਾਂ ਦਾ ਨਾਮ ਗੁਪਤ ਰਹੇ, ਭਾਵੇਂ ਉਹਨਾਂ ਦਾ ਨਾਮ ਅਦਾਲਤ ਵਿੱਚ ਦਿੱਤਾ ਜਾ ਚੁੱਕਿਆ ਹੋਵੇ।

ਹੋਰਨਾਂ ਕੇਸਾਂ ਵਿੱਚ ਅਦਾਲਤ ਕੋਲ ਮੀਡੀਆ ਨੂੰ ਗਵਾਹ ਦੇ ਵਿਅਕਤੀਗਤ ਵੇਰਵਿਆਂ ਦੀ ਰਿਪੋਰਟਿੰਗ ਕਰਨ ਤੋਂ ਮਨ੍ਹਾਂ ਕਰਨ ਦਾ ਅਧਿਕਾਰ ਹੈ ਜੇ ਇਸ ਨੂੰ ਲਗਦਾ ਹੈ ਕਿ ਕਾਰਵਾਈ ਦੌਰਾਨ ਗਵਾਹ ਦੀ ਗਵਾਹੀ ਜਾਂ ਸਹਿਯੋਗ ਦੀ ਗੁਣਵੱਤਾ ਇਸ ਲਈ ਘੱਟ ਸਕਦੀ ਹੈ ਕਿਉਂਕਿ ਗਵਾਹ ਨੂੰ ਇਸ ਕੇਸ ਦੇ ਗਵਾਹ ਵੱਜੋਂ ਪਛਾਣੇ ਜਾਣ ਦਾ ਡਰ ਹੁੰਦਾ ਹੈ। ਮੀਡੀਆ ਦੇ ਪ੍ਰਤੀਨਿਧੀਆਂ ਨੂੰ, ਖੁੱਲ੍ਹੀ ਰਿਪੋਰਟਿੰਗ ਦੇ ਹਿਤਾਂ ਵਿੱਚ, ਉਸ ਅਦਾਲਤੀ ਹੁਕਮ 'ਤੇ ਇਤਰਾਜ ਕਰਨ ਦਾ ਅਧਿਕਾਰ ਹੈ ਜੋ ਇਸ ਜਾਣਕਾਰੀ ਦੇ ਪ੍ਰਕਾਸ਼ਨ 'ਤੇ ਰੋਕ ਲਗਾਉਂਦੀ ਹੈ।

## ਸ਼ਿਕਾਰ ਹੋਏ ਵਿਅਕਤੀਆਂ ਅਤੇ ਗਵਾਹਾਂ ਲਈ ਹਮਾਇਤ

ਸੀ.ਪੀ.ਐਸ. ਸ਼ਿਕਾਰ ਹੋਏ ਵਿਅਕਤੀਆਂ ਅਤੇ ਗਵਾਹਾਂ ਦੇ ਫੌਜਦਾਰੀ ਨਿਆਂਇਕ ਪ੍ਰਣਾਲੀ ਵਿੱਚ ਸ਼ਾਮਲ ਹੋਣ ਦੇ ਅਕਸਰ ਪੇਸ਼ ਆਉਂਦੇ ਮੁਸ਼ਕਲ ਤਜਰਬਿਆਂ ਨੂੰ ਪਾਰ ਕਰਨ ਵਿੱਚ ਮਦਦ ਕਰਨ ਲਈ ਸਾਰੇ ਵਿਹਾਰਕ ਕਦਮ ਚੁੱਕਣ ਲਈ ਪੂਰੀ ਤਰ੍ਹਾਂ ਨਾਲ ਵਚਨਬੱਧ ਹੈ। ਅਸੀਂ ਇਸ ਗੱਲ ਨੂੰ ਸਮਝਦੇ ਹਾਂ ਕਿ ਨਸਲੀ ਅਤੇ ਧਾਰਮਿਕ ਪ੍ਰਚੰਡਤਾ ਵਾਲੇ ਕੇਸਾਂ ਵਿੱਚ ਸ਼ਿਕਾਰ ਹੋਏ ਵਿਅਕਤੀ ਡਰ ਜਾਂ ਬੇਵਿਸਾਹੀ, ਜਾਂ ਇਸ ਪ੍ਰਣਾਲੀ ਵਿੱਚ ਸ਼ਾਮਲ ਲੋਕਾਂ ਦੇ ਪਿਛਲੇ ਤਜ਼ਰਬਿਆਂ ਕਾਰਨ ਘਟਨਾਵਾਂ ਦੀ ਰਿਪੋਰਟ ਕਰਨ ਵਿੱਚ ਹਿਚਕਿਚਾਹਟ ਦਿਖਾ ਸਕਦੇ ਹਨ।

ਵਿਸ਼ੇਸ਼ ਉਪਾਆਂ, ਸੀ.ਪੀ.ਐਸ. ਅਤੇ ਲਾਚਾਰ ਅਤੇ ਡਰਾਏ-ਧਮਕਾਏ ਗਵਾਹਾਂ ਦਰਮਿਆਨ ਮੀਟਿੰਗਾਂ, ਅਤੇ ਸੀ.ਪੀ.ਐਸ. ਅਤੇ ਪੁਲਿਸ ਕਰਮਚਾਰੀਆਂ ਦੇ ਸਟਾਫ ਨੂੰ ਮਿਲਾ ਕੇ ਸਮਰਪਿਤ ਵਿਟਨੈਸ ਕੇਅਰ ਯੂਨਿਟਾਂ ਨੂੰ ਬਣਾਉਣ ਵਰਗੀਆਂ ਪਹਿਲਕਦਮੀਆਂ ਫੌਜਦਾਰੀ ਨਿਆਂਇਕ ਪ੍ਰਣਾਲੀ ਦੇ ਘੇਰੇ ਤਹਿਤ ਸ਼ਿਕਾਰ ਹੋਏ ਵਿਅਕਤੀ ਦੇ ਭਰੋਸੇ ਨੂੰ ਵਧਾਉਣ ਲਈ ਹੀ ਕੀਤੀਆਂ ਗਈਆਂ ਹਨ। ਪੁਲਿਸ ਅਤੇ ਹੋਰ ਸਮਰਥਨ ਏਜੰਸੀਆਂ ਵੱਲੋਂ ਪਹਿਲੇ ਸ਼ੁਰੂਆਤੀ ਪੜਾਅ ਵਿੱਚ ਹੀ ਸਮਰਥਨ ਉਪਲਬਧ ਹੁੰਦਾ ਹੈ ਜੋ ਮੁਕੱਦਮੇ ਦੀ ਸਮੁੱਚੀ ਕਾਰਵਾਈ ਦੌਰਾਨ ਜਾਰੀ ਰਹਿ ਸਕਦਾ ਹੈ।

ਮੈਜਿਸਟ੍ਰੇਟ ਦੀਆਂ ਅਦਾਲਤਾਂ ਅਤੇ ਕ੍ਰਾਊਨ ਕੋਰਟ ਸੈਂਟਰਾਂ ਕੋਲ ਵਿਟਨੈਸ ਸਰਵਿਸ ਹੁੰਦੀ ਹੈ, ਇਹ ਉਹ ਸੇਵਾ ਹੈ ਜੋ 'ਵਿਕਟਿਮ ਸਪੋਰਟ' ਵੱਲੋਂ ਮੁਹੱਈਆ ਕਰਵਾਈ ਜਾਂਦੀ ਹੈ। ਇਸ ਸੇਵਾ ਬਾਰੇ ਹੋਰ ਜਾਣਕਾਰੀ ਸਥਾਨਕ ਪੁਲਿਸ ਜਾਂ ਸਥਾਨਕ ਵਿਕਟਿਮ ਸਪੋਰਟ ਗਰੁੱਪ (ਟੈਲੀਫ਼ੋਨ ਨੰਬਰ 0845 30 30 900) ਤੋਂ ਹਾਸਲ ਕੀਤੀ ਜਾ ਸਕਦੀ ਹੈ। ਕੁਝ ਅਦਾਲਤਾਂ ਕੋਲ ਵਿਸ਼ੇਸ਼ੱਗ ਚਾਈਲਡ ਵਿਟਨੈਸ ਸਰਵਿਸ ਵੀ ਹੁੰਦੀ ਹੈ।

ਵਿਟਨੈਸ ਸਰਵਿਸ ਦੇ ਮੈਂਬਰ ਲੋੜ ਪੈਣ 'ਤੇ ਅਦਾਲਤ ਦੀ ਕਾਰਵਾਈ ਤੋਂ ਪਹਿਲਾਂ

ਅਦਾਲਤ ਨਾਲ ਜਾਣ-ਪਛਾਣ ਕਰਵਾਉਣ ਲਈ ਫੇਰੀਆਂ ਦਾ ਪ੍ਰਬੰਧ ਕਰ ਸਕਦੇ ਹਨ ਅਤੇ ਇਸ ਬਾਰੇ ਵਿਆਖਿਆ ਕਰ ਸਕਦੇ ਹਨ ਕਿ ਅਦਾਲਤ ਵਿੱਚ ਕੀ ਵਾਪਰ ਸਕਦਾ ਹੈ। ਐਪਰ, ਉਹਨਾਂ ਨੂੰ ਕੇਸ ਦੇ ਵੇਰਵਿਆਂ ਬਾਰੇ ਵਿਚਾਰ-ਵਟਾਂਦਰਾ ਕਰਨ ਦੀ ਇਜਾਜ਼ਤ ਨਹੀਂ ਹੁੰਦੀ।

ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਲੋੜ ਪੈਣ ਦੀ ਸੂਰਤ ਵਿੱਚ ਅਦਾਲਤੀ ਕਾਰਵਾਈ ਲਈ ਦੁਭਾਸ਼ੀਆ ਉਪਲਬਧ ਕਰਾਉਣ ਲਈ ਢੁਕਵੇਂ ਇੰਤਜ਼ਾਮ ਕੀਤੇ ਜਾਣ।

ਜਦੋਂ ਗਵਾਹ ਅਦਾਲਤ ਦੀ ਕਾਰਵਾਈ ਵਿੱਚ ਹਿੱਸਾ ਲੈਂਦਾ ਹੈ, ਤਾਂ ਕੇਸ ਪੇਸ਼ ਕਰਨ ਵਾਲਾ ਸੀ.ਪੀ.ਐਸ. ਪ੍ਰੋਸੀਕਿਊਟਰ ਜਾਂ ਸੀ.ਪੀ.ਐਸ. ਦਾ ਕੇਸਵਰਕਰ, ਆਪਣੀ ਜਾਣ-ਪਛਾਣ ਕਰਵਾਉਣਗੇ ਅਤੇ ਜੇ ਗਵਾਹ ਦੇ ਕੋਈ ਆਮ ਸਵਾਲ ਹਨ ਤਾਂ ਉਹਨਾਂ ਦਾ ਜਵਾਬ ਦੇਣਗੇ। ਉਹਨਾਂ ਨੂੰ ਗਵਾਹ ਨਾਲ ਕੇਸ ਦੇ ਵੇਰਵੇ ਬਾਰੇ ਵਿਚਾਰ-ਵਟਾਂਦਰਾ ਕਰਨ ਦੀ ਇਜਾਜ਼ਤ ਨਹੀਂ ਹੁੰਦੀ।

ਕਈ ਵਾਰ ਮੁਕੱਦਮੇ ਦੀ ਕਾਰਵਾਈ ਕਰਨ ਵਾਲਾ ਵਿਅਕਤੀ ਬੈਰਿਸਟਰ (ਜਿਸ ਨੂੰ ਕਾਊਂਸਲ ਵੀ ਕਿਹਾ ਜਾਂਦਾ ਹੈ) ਜਾਂ ਸੋਲਿਸਿਟਰ ਹੋ ਸਕਦਾ ਹੈ, ਜੋ ਸੀ.ਪੀ.ਐਸ. ਦਾ ਮੈਂਬਰ ਨਹੀਂ ਹੁੰਦਾ ਪਰ ਉਸ ਨੂੰ ਅਦਾਲਤ ਵਿੱਚ ਕੇਸ ਪੇਸ਼ ਕਰਨ ਲਈ ਅਸੀਂ ਨੌਕਰੀ 'ਤੇ ਰੱਖਿਆ ਹੁੰਦਾ ਹੈ। ਅਸੀਂ ਆਸ ਕਰਦੇ ਹਾਂ ਕਿ ਸਾਡੇ ਵੱਲੋਂ ਨੌਕਰੀ 'ਤੇ ਰੱਖਿਆ ਗਿਆ ਹਰੇਕ ਬੈਰਿਸਟਰ ਜਾਂ ਸੋਲਿਸਿਟਰ ਸਾਡੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਤੋਂ ਵਾਕਫ਼ ਹੋਵੇ ਅਤੇ ਉਹਨਾਂ ਮੁਤਾਬਕ ਹੀ ਕੰਮ ਕਰੇ।

ਅਸੀਂ ਗਵਾਹ ਨੂੰ ਅਦਾਲਤ ਵਿੱਚ ਹਾਜ਼ਰ ਹੋਣ ਲਈ ਮੁਨਾਸਬ ਖਰਚ ਦਾ ਭੁਗਤਾਨ ਕਰਾਂਗੇ।

ਜੇ ਗਵਾਹਾਂ ਨੂੰ ਉਡੀਕ ਕਰਵਾਈ ਜਾਂਦੀ ਹੈ, ਤਾਂ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਉਹਨਾਂ ਨੂੰ ਦੇਰੀ ਦੇ ਕਾਰਨਾਂ ਬਾਰੇ ਦੱਸਿਆ ਜਾਵੇ ਅਤੇ ਉਸ ਅਨੁਮਾਨਤ ਸਮੇਂ ਬਾਰੇ ਵੀ ਜਦੋਂ ਉਹਨਾਂ ਨੂੰ ਗਵਾਹੀ ਦੇਣ ਦੀ ਲੋੜ ਪਏਗੀ।

ਜਿੱਥੇ ਕਿਤੇ ਵੀ ਸੰਭਵ ਹੋਇਆ, ਅਸੀਂ ਇਸ ਗੱਲ ਨੂੰ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਾਂਗੇ ਕਿ ਮੁਕੱਦਮੇ ਦੀ ਕਾਰਵਾਈ ਲਈ ਆਏ ਗਵਾਹਾਂ ਵਾਸਤੇ ਠਹਿਰਨ ਦੀ ਵੱਖਰੀ ਸਹੂਲਤ ਉਪਲਬਧ ਹੋਵੇ ਤਾਂ ਜੋ ਉਹ ਪ੍ਰਤੀਵਾਦੀ ਜਾਂ ਉਸ ਦੇ ਦੋਸਤਾਂ ਜਾਂ ਪਰਿਵਾਰ ਨੂੰ ਨਾ ਮਿਲਣ।

## ਪ੍ਰੋਸੀਕਿਊਟਰ ਦਾ ਪ੍ਰਣ

ਇਹ ਇੱਕ ਦਸ ਨੁਕਾਤੀ ਪ੍ਰਣ ਹੈ ਜੋ ਇਸ ਗੱਲ ਦੀ ਵਿਆਖਿਆ ਕਰਦਾ ਹੈ ਕਿ ਸ਼ਿਕਾਰ ਹੋਏ ਵਿਅਕਤੀ ਪ੍ਰੋਸੀਕਿਊਟਰ ਤੋਂ ਕਿਸ ਪੱਧਰ ਦੀ ਸੇਵਾ ਹਾਸਲ ਕਰਨ ਦੀ ਆਸ ਕਰ ਸਕਦੇ ਹਨ। ਪ੍ਰੋਸੀਕਿਊਟਰ ਦੇ ਪ੍ਰਣ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸ਼ਿਕਾਰ ਹੋਏ ਵਿਅਕਤੀਆਂ ਅਤੇ ਗਵਾਹਾਂ ਦੀਆਂ ਖਾਸ ਲੋੜਾਂ ਵੱਲ ਧਿਆਨ ਦਿੱਤਾ ਜਾਂਦਾ ਹੈ; ਉਹਨਾਂ ਦੇ ਲਿਖ਼ਤੀ ਬਿਆਨ

ਸ਼ਿਕਾਰ ਹੋਏ ਵਿਅਕਤੀਆਂ ਅਤੇ ਗਵਾਹਾਂ ਦੀ ਸਬੂਤ ਦੇਣ ਵਿੱਚ ਮਦਦ ਕਰਨੀ

ਜਾਂ ਵੀਡੀਓ ਇੰਟਰਵਿਊ ਤੋਂ ਯਾਦ ਤਾਜ਼ਾ ਕਰਵਾਉਣ ਲਈ ਅਦਾਲਤ ਵਿੱਚ ਉਹਨਾਂ ਦੀ ਸਹਾਇਤਾ ਕੀਤੀ ਜਾਂਦੀ ਹੈ; ਉਹਨਾਂ ਦੇ ਚਰਿੱਤਰ 'ਤੇ ਬੇਲੋੜੇ ਜਾਂ ਬੇਮਤਲਬ ਦੇ ਹਮਲਿਆਂ ਤੋਂ ਉਹਨਾਂ ਦਾ ਬਚਾਅ ਕੀਤਾ ਜਾਂਦਾ ਹੈ।
ਪ੍ਰੋਸੀਕਿਊਟਰ ਦਾ ਪ੍ਰਣ ਸਾਡੀ ਵੈਬਸਾਈਟ ਤੋਂ ਹਾਸਲ ਕੀਤਾ ਜਾ ਸਕਦਾ ਹੈ:

http://www.cps.gov.uk/publications/prosecution/prosecutor_pledge.html

# 10 ਮੁਜਰਮ ਦੀ ਅਪਰਾਧ ਮੰਨ ਲੈਣ ਦੀ ਬੇਨਤੀ ਨੂੰ ਸਵੀਕਾਰ ਕਰਨਾ

ਕੇਸ ਵਿੱਚ ਜਿੱਥੇ ਨਸਲੀ ਜਾਂ ਧਾਰਮਿਕ ਅੰਸ਼ ਸਾਬਤ ਕਰਨ ਲਈ ਸਬੂਤ ਉਪਲਬਧ ਹੋਣਗੇ, ਤਾਂ ਅਸੀਂ ਯਕੀਨੀ ਬਣਾਵਾਂਗੇ ਕਿ ਜਾਂ ਤਾਂ ਮੁਕੱਦਮੇ ਦੀ ਕਾਰਵਾਈ ਦੌਰਾਨ ਜਾਂ ਫੇਰ ਉਸ ਸਮੇਂ ਜਦੋਂ ਅਦਾਲਤ ਸਜ਼ਾ ਬਾਰੇ ਵਿਚਾਰ ਕਰ ਰਹੀ ਹੋਵੇ, ਉਹ ਸਬੂਤ ਅਦਾਲਤ ਸਾਹਮਣੇ ਰੱਖਿਆ ਜਾਵੇ।

ਇਸ ਦਾ ਮਤਲਬ ਹੈ ਜਿੱਥੇ ਪ੍ਰਚੰਡਤਾ ਵਾਲੇ ਅਪਰਾਧ ਲਈ ਦੋਸ਼ ਆਇਦ ਕੀਤੇ ਗਏ ਹਨ, ਤਾਂ **ਅਸੀਂ ਉਦੋਂ ਤਕ ਮੁਜਰਮ ਵਿਅਕਤੀ ਦੀ ਸਿਰਫ ਮੁਢਲਾ ਅਪਰਾਧ ਮੰਨ ਲੈਣ ਦੀ ਬੇਨਤੀ ਨੂੰ ਸਵੀਕਾਰ ਨਹੀਂ ਕਰਾਂਗੇ ਜਦੋਂ ਤਕ ਅਜਿਹਾ ਕਰਨ ਦੇ ਢੁਕਵੇਂ ਕਾਰਨ ਨਹੀਂ ਹੋਣਗੇ**। ਇਸ ਦੀ ਇੱਕ ਮਿਸਾਲ ਇਹ ਹੋਵੇਗੀ ਕਿ ਜਦੋਂ ਪ੍ਰਚੰਡਤਾ ਵਾਲੇ ਅੰਸ਼ ਨੂੰ ਸਾਬਤ ਕਰਨ ਲਈ ਲੋੜੀਂਦੇ ਸਬੂਤ ਹੋਰ ਅੱਗੋਂ ਉਪਲਬਧ ਨਹੀਂ ਹੋਣਗੇ ਜਾਂ ਜਿੱਥੇ ਅਦਾਲਤ ਸਬੂਤ ਦਿੱਤੇ ਜਾਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੰਦੀ ਹੈ।

ਇਹ ਵਿਚਾਰ ਕਰਦਿਆਂ ਕਿ ਬੇਨਤੀ ਨੂੰ ਸਵੀਕਾਰ ਕੀਤਾ ਜਾਵੇ ਜਾਂ ਨਹੀ, ਇਸ ਵਾਸਤੇ ਅਸੀਂ ਅਟਾਰਨੀ ਜਨਰਲ ਦੇ 2005 ਦੇ ਦਿਸ਼ਾ-ਨਿਰਦੇਸ਼ਾਂ ਤਹਿਤ, ਜਦੋਂ ਕਦੇ ਵੀ ਸੰਭਵ ਹੋਇਆ ਸ਼ਿਕਾਰ ਹੋਏ ਵਿਅਕਤੀ ਜਾਂ ਸ਼ਿਕਾਰ ਹੋਏ ਵਿਅਕਤੀ ਦੇ ਪਰਿਵਾਰ ਨਾਲ ਵਿਚਾਰ-ਵਟਾਂਦਰਾ ਕਰਾਂਗੇ ਤਾਂ ਜੋ ਅਸੀਂ ਸਥਿਤੀ ਦੀ ਵਿਆਖਿਆ ਕਰ ਸਕੀਏ ਅਤੇ ਸਹੀ ਫ਼ੈਸਲਾ ਲੈਣ ਵਿੱਚ ਮਦਦ ਲਈ ਉਹਨਾਂ ਦੇ ਵਿਚਾਰਾਂ ਅਤੇ ਹਿਤਾਂ ਨੂੰ ਧਿਆਨ ਵਿੱਚ ਰੱਖ ਸਕੀਏ। ਅਸੀਂ ਉਹਨਾਂ ਨੂੰ ਲਗਾਤਾਰ ਸੂਚਿਤ ਰੱਖਾਂਗੇ ਅਤੇ ਅਦਾਲਤ ਵਿੱਚ ਫ਼ੈਸਲੇ ਕੀਤੇ ਜਾਣ ਤੋਂ ਬਾਅਦ ਉਹਨਾਂ ਕੋਲ ਆਪਣੇ ਫ਼ੈਸਲਿਆਂ ਦੀ ਵਿਆਖਿਆ ਕਰਾਂਗੇ।

ਮੁਜਰਮ ਵਿਅਕਤੀ ਦੀ ਜੁਰਮ ਮੰਨ ਲੈਣ ਦੀ ਬੇਨਤੀ ਦਾ ਅਧਾਰ, ਗੁਮਰਾਹਕੁੰਨ ਜਾਂ ਝੂਠੇ ਤੱਥਾਂ 'ਤੇ ਸਵੀਕਾਰ ਨਹੀਂ ਕੀਤਾ ਜਾਵੇਗਾ, ਅਤੇ ਸ਼ਿਕਾਰ ਹੋਏ ਵਿਅਕਤੀ ਦੇ ਹਿਤਾਂ ਦਾ ਢੁਕਵਾਂ ਧਿਆਨ ਰੱਖਿਆ ਜਾਵੇਗਾ।

# 11 ਸਜ਼ਾ ਦੇਣੀ

ਨਸਲੀ ਜਾਂ ਧਾਰਮਿਕ ਪ੍ਰਚੰਡਤਾ ਵਾਲੇ ਸਬੂਤ ਕੇਸ ਨੂੰ ਹੋਰ ਗੰਭੀਰ ਬਣਾ ਦਿੰਦੇ ਹਨ ਅਤੇ ਅਦਾਲਤ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਦੋਸ਼ੀ ਵਿਅਕਤੀ ਨੂੰ ਸਜ਼ਾ ਸੁਣਾਏ ਜਾਣ ਸਮੇਂ ਇਸ ਨੂੰ ਧਿਆਨ ਵਿੱਚ ਰੱਖੇ ਅਤੇ ਇਹ ਵੀ ਸਪਸ਼ਟ ਕਰੇ ਕਿ ਇਸ ਨੇ ਅਜਿਹਾ ਕੀਤਾ ਹੈ। ਅਸੀਂ ਨਸਲੀ ਜਾਂ ਧਾਰਮਿਕ ਪ੍ਰਚੰਡਤਾ ਵਾਲੇ ਸਬੂਤ ਨੂੰ ਛੱਡ ਕੇ ਇਸ ਕੇਸ ਨੂੰ ਉਸ ਨਾਲੋਂ ਘੱਟ ਗੰਭੀਰ ਦੇ ਤੌਰ 'ਤੇ ਪੇਸ਼ ਨਹੀਂ ਕਰਾਂਗੇ ਜਿੰਨਾ ਗੰਭੀਰ ਇਹ ਅਸਲ ਵਿੱਚ ਹੁੰਦਾ ਹੈ। ਐਪਰ, ਅਸੀਂ ਅਦਾਲਤ ਸਾਹਮਣੇ ਉਹੀ ਚੀਜ਼ਾਂ ਪੇਸ਼ ਕਰ ਸਕਦੇ ਹਾਂ ਜਿਸਦੀ ਕਾਨੂੰਨ ਸਾਨੂੰ ਇਜਾਜ਼ਤ ਦਿੰਦਾ ਹੈ ਅਤੇ ਜੋ ਕੇਸ ਦੇ ਸਬੰਧ ਵਿੱਚ ਢੁਕਵੀਆਂ ਹਨ। ਅਸੀਂ ਇਹ ਗੱਲ ਯਕੀਨੀ ਬਣਾਵਾਂਗੇ ਕਿ ਅਦਾਲਤ ਕੋਲ ਆਪਣੇ ਫ਼ਰਜ਼ ਦਾ ਨਿਭਾਅ ਕਰਦਿਆਂ ਉਹ ਸਾਰੀ ਜਾਣਕਾਰੀ ਹੋਵੇ ਜੋ ਇਸ ਨੂੰ ਲੋੜੀਂਦੀ ਹੈ।

ਕ੍ਰਾਊਨ ਕੋਰਟ ਅਤੇ ਮੈਜਿਸਟ੍ਰੇਟ ਦੀਆਂ ਅਦਾਲਤਾਂ ਸਾਹਮਣੇ ਪੇਸ਼ ਕੀਤੇ ਜਾਣ ਵਾਲੇ ਸਾਰੇ ਕੇਸਾਂ ਵਿੱਚ, ਜਿੱਥੇ ਮੁੱਦੇ ਪੇਚੀਦਾ ਹੁੰਦੇ ਹਨ ਜਾਂ ਜਿੱਥੇ ਗਲਤਫ਼ਹਿਮੀ ਹੋਣ ਦੀ ਸੰਭਾਵਨਾ ਹੁੰਦੀ ਹੈ, ਅਸੀਂ ਬੇਨਤੀ ਅਤੇ ਸਜ਼ਾ ਸੁਣਾਉਣ ਵਾਲਾ ਦਸਤਾਵੇਜ਼ ਮੁਹੱਈਆ ਕਰਵਾਵਾਂਗੇ, ਜੋ ਹੇਠਾਂ ਲਿਖੀਆਂ ਗੱਲਾਂ ਦੱਸਦਾ ਹੈ:

- ਅਪਰਾਧ ਨੂੰ ਪ੍ਰਚੰਡ ਕਰਨ ਵਾਲੇ ਅਤੇ ਸ਼ਾਂਤ ਕਰਨ ਵਾਲੇ ਕਾਰਕਾਂ ਬਾਰੇ (ਵਿਅਕਤੀਗਤ ਤੌਰ 'ਤੇ ਸ਼ਾਂਤ ਕਰਨ ਵਾਲੇ ਨਹੀਂ);
- ਵਿਚਾਰ ਅਧੀਨ ਅਪਰਾਧ ਅਤੇ ਅਪਰਾਧੀ ਬਾਰੇ ਕੋਈ ਵੀ ਢੁਕਵੀਂ ਕਾਨੂੰਨੀ ਵਿਵਸਥਾ ਤਾਂ ਜੋ ਜੱਜ ਨੂੰ ਸਜ਼ਾ ਦੇਣ ਬਾਰੇ ਕਿਸੇ ਵੀ ਕਾਨੂੰਨੀ ਬੰਦਸ਼ ਤੋਂ ਜਾਣੂ ਕਰਵਾਇਆ ਜਾ ਸਕੇ;
- ਸਜ਼ਾ ਸੁਣਾਏ ਜਾਣ ਵਾਲੇ ਕਿਸੇ ਵੀ ਢੁਕਵੇਂ ਦਿਸ਼ਾ-ਨਿਰਦੇਸ਼ ਅਤੇ ਦਿਸ਼ਾ-ਨਿਰਦੇਸ਼ ਕੇਸਾਂ ਬਾਰੇ;
- ਮੁਕੱਦਮਾ ਕਰਨ ਵਾਲੇ ਵਕੀਲ ਕੋਲ ਉਪਲਬਧ ਸ਼ਿਕਾਰ ਹੋਏ ਵਿਅਕਤੀ ਦੇ ਕਿਸੇ ਵਿਅਕਤੀਗਤ ਬਿਆਨ ਜਾਂ ਹੋਰ ਜਾਣਕਾਰੀ ਦੀ ਸ਼ਨਾਖ਼ਤ ਬਾਰੇ, ਜੋ ਅਪਰਾਧ ਦਾ ਸ਼ਿਕਾਰ ਹੋਏ ਵਿਅਕਤੀ 'ਤੇ ਪਏ ਪ੍ਰਭਾਵ ਨਾਲ ਸੰਬੰਧਤ ਹੈ;
- ਜਿੱਥੇ ਢੁਕਵਾਂ ਹੋਵੇ, ਅਪਰਾਧੀ ਦੇ ਸਮੁਦਾਇ 'ਤੇ ਪਏ ਪ੍ਰਭਾਵ ਦੇ ਕਿਸੇ ਸਬੂਤ ਬਾਰੇ; ਅਤੇ
- ਜਿੱਥੇ ਲਾਗੂ ਹੁੰਦਾ ਹੋਵੇ, ਕਿਸੇ ਵੀ ਸਹਾਇਕ ਹੁਕਮਾਂ ਦੀ ਦਰਖ਼ਾਸਤ ਕਰਨ ਦੇ ਇਰਾਦੇ ਬਾਰੇ, ਜਿਵੇਂ ਕਿ ਸਮਾਜ-ਵਿਰੋਧੀ ਵਿਹਾਰ ਬਾਰੇ ਹੁਕਮ ਅਤੇ ਕੁਰਕੀ ਦੇ ਹੁਕਮ, ਅਤੇ ਜਿੰਨਾ ਸੰਭਵ ਹੋ ਸਕੇ, ਮੰਗੇ ਜਾਣ ਵਾਲੇ ਹੁਕਮਾਂ ਦੀ ਪ੍ਰਕਿਰਤੀ ਬਾਰੇ ਸੰਕੇਤ ਦਿੰਦੇ ਹੋਏ।

ਜਦੋਂ ਪ੍ਰਤੀਵਾਦੀ ਜੁਰਮ ਮੰਨ ਲੈਣ ਬਾਰੇ ਬੇਨਤੀ ਕਰਦਾ ਹੈ ਜਾਂ ਉਸ ਨੂੰ ਮੁਜਰਮ ਕਰਾਰ ਦਿੱਤਾ

ਜਾਂਦਾ ਹੈ, ਤਾਂ ਅਦਾਲਤ ਨੇ ਸੁਣਾਈ ਜਾਣ ਵਾਲੀ ਸਜ਼ਾ ਬਾਰੇ ਫ਼ੈਸਲਾ ਕਰਨਾ ਹੁੰਦਾ ਹੈ ਅਤੇ ਉਹ ਬਹੁਤ ਸਾਰੀਆਂ ਸਜ਼ਾਵਾਂ ਵਿੱਚੋਂ ਚੋਣ ਕਰ ਸਕਦੀ ਹੈ। ਸਜ਼ਾਵਾਂ ਮੁੜ ਵਸੇਬੇ ਦੇ ਹੁਕਮਾਂ, ਸਮੁਦਾਇਕ ਸਜ਼ਾਵਾਂ, ਜੁਰਮਾਨਿਆਂ, ''ਬਾਈਂਡ ਓਵਰ'' (ਮੁਚੱਲਕਾ ਲੈਣਾ ਜਾਂ ਰੋਕ ਲਾਉਣੀ), ਜਾਂ ਹਿਰਾਸਤ ਦੇ ਰੂਪ ਵਿੱਚ ਸੁਣਾਈਆਂ ਜਾ ਸਕਦੀਆਂ ਹਨ।

ਸਜ਼ਾ ਮਿਲਣ ਤੋਂ ਪਹਿਲਾਂ, ਪ੍ਰਤੀਵਾਦੀ ਨੂੰ ਨਰਮਾਈ ਵਰਤਣ ਲਈ ਬੇਨਤੀ ਕਰਨ ਦਾ ਅਧਿਕਾਰ ਹੈ। ਅਸੀਂ ਬਚਾਅ ਪੱਖ ਦੀ ਉਸ ਨਰਮਾਈ ਵਾਲੀ ਬੇਨਤੀ ਨੂੰ ਚੁਣੌਤੀ ਦੇਵਾਂਗੇ ਜੋ ਅਣਉਚਿਤ ਢੰਗ ਨਾਲ ਸ਼ਿਕਾਰ ਹੋਏ ਵਿਅਕਤੀ ਦੇ ਚਰਿੱਤਰ 'ਤੇ ਹਮਲਾ ਕਰਦੀ ਹੈ।[3]

ਜੇ ਪ੍ਰਤੀਵਾਦੀ ਜੁਰਮ ਕਬੂਲਣ ਬਾਰੇ ਬੇਨਤੀ ਕਰਦਾ ਹੈ ਜਾਂ ਕਿਸੇ ਅਪਰਾਧ ਲਈ ਮੁਜਰਮ ਕਰਾਰ ਦਿੱਤਾ ਜਾਂਦਾ ਹੈ, ਪਰ ਮੁਕੱਦਮਾ ਕਰਨ ਵਾਲੀ ਧਿਰ ਨਾਲ ਇਸ ਗੱਲੋਂ ਅਸਹਿਮਤ ਹੁੰਦਾ ਹੈ ਕਿ ਸ਼ਿਕਾਰ ਹੋਏ ਵਿਅਕਤੀ ਦੀ ਨਸਲ ਜਾਂ ਧਰਮ ਜਾਂ ਸਮਝੀ ਗਈ ਨਸਲ ਜਾਂ ਧਰਮ ਦੇ ਅਧਾਰ 'ਤੇ ਵੈਰ-ਵਿਰੋਧਤਾ ਕਾਰਨ ਅਪਰਾਧ ਪ੍ਰਚੰਡਤਾ ਪੈਦਾ ਕਰਨ ਵਾਲਾ ਸੀ ਤਾਂ ਜੱਜ ਜਾਂ ਮੈਜਿਸਟ੍ਰੇਟ ਨੂੰ ਇਹ ਫ਼ੈਸਲਾ ਕਰਨਾ ਪਏਗਾ ਕਿ ਕੀ ਪ੍ਰਚੰਡਤਾ ਵਾਲਾ ਪੱਖ ਸਾਬਤ ਹੋਇਆ ਹੈ। ਮੁਕੱਦਮਾ ਕਰਨ ਵਾਲੀ ਧਿਰ ਨੂੰ ਉਹਨਾਂ ਗਵਾਹਾਂ ਨੂੰ ਜ਼ਰੂਰ ਬੁਲਾਉਣਾ ਚਾਹੀਦਾ ਹੈ ਜੋ ਵੈਰ-ਵਿਰੋਧਤਾ ਬਾਰੇ ਸਬੂਤ ਦੇ ਸਕਦੇ ਹਨ ਅਤੇ ਅਦਾਲਤ ਵੱਲੋਂ ਫ਼ੈਸਲਾ ਲੈਣ ਤੋਂ ਪਹਿਲਾਂ ਬਚਾਅ ਪੱਖ ਗਵਾਹ ਤੋਂ ਸਵਾਲ-ਜਵਾਬ ਕਰ ਸਕੇਗਾ। ਇਸ ਪ੍ਰਕਿਰਿਆ ਨੂੰ ''ਨਿਊਟਨ ਹੀਅਰਿੰਗ'' ਕਿਹਾ ਜਾਂਦਾ ਹੈ। ਸੁਣਵਾਈ ਦੇ ਅੰਤ ਵਿੱਚ ਅਦਾਲਤ ਨੂੰ ਇਸ ਬਾਰੇ ਘੋਸ਼ਣਾ ਜ਼ਰੂਰ ਕਰਨੀ ਚਾਹੀਦੀ ਹੈ ਕਿ, ਸਬੂਤ ਬਾਰੇ ਸੁਣਵਾਈ ਤੋਂ ਬਾਅਦ, ਕੀ ਉਸ ਨੂੰ ਇਸ ਗੱਲ ਦੀ ਤਸੱਲੀ ਹੈ ਕਿ ਸ਼ਿਕਾਰ ਹੋਏ ਵਿਅਕਤੀ ਦੀ ਨਸਲ ਜਾਂ ਉਸਦੇ ਧਰਮ ਜਾਂ ਸਮਝੀ ਗਈ ਨਸਲ ਜਾਂ ਧਰਮ ਦੇ ਅਧਾਰ 'ਤੇ ਵੈਰ-ਵਿਰੋਧਤਾ ਕਾਰਨ ਅਪਰਾਧ ਪ੍ਰਚੰਡਤਾ ਪੈਦਾ ਕਰਨ ਵਾਲਾ ਸੀ ਜਾਂ ਨਹੀਂ। ਜੇ ਅਜਿਹਾ ਹੈ, ਤਾਂ ਅਦਾਲਤ ਨੂੰ ਸਜ਼ਾ ਸੁਣਾਉਣ ਸਮੇਂ ਅਪਰਾਧ ਨੂੰ ਹੋਰ ਗੰਭੀਰਤਾ ਨਾਲ ਜ਼ਰੂਰ ਲੈਣਾ ਚਾਹੀਦਾ ਹੈ।

ਅਸੀਂ ਅਦਾਲਤ ਨੂੰ ਇਹ ਫੈਸਲਾ ਲੈਣ ਵਿੱਚ ਮਦਦ ਕਰਨ ਲਈ ਜਾਣਕਾਰੀ ਮੁਹੱਈਆ ਕਰਵਾਵਾਂਗੇ ਕਿ ਮੁੱਖ ਸਜ਼ਾ ਤੋਂ ਇਲਾਵਾ ਕੀ ਇਸ ਨੂੰ ਅਜਿਹਾ ਹੁਕਮ ਦੇਣਾ ਚਾਹੀਦਾ ਹੈ ਜਿਸ ਨੂੰ ਦੇਣ ਦਾ ਇਸ ਨੂੰ ਅਧਿਕਾਰ ਹੈ।[4] ਇਸ ਵਿੱਚ ਕਿਸੇ ਹਾਨੀ, ਸੱਟ ਲੱਗਣ ਜਾਂ

[3] ਪ੍ਰੋਸੀਕਿਊਟਰ ਦਾ ਪ੍ਰਣ ''ਸ਼ਿਕਾਰ ਹੋਏ ਵਿਅਕਤੀਆਂ ਨੂੰ ਉਹਨਾਂ ਦੇ ਚਰਿੱਤਰ 'ਤੇ ਲੱਗਣ ਵਾਲੇ ਬੇਲੋੜੇ ਜਾਂ ਬੇਮਤਲਬ ਦੇ ਹਮਲਿਆਂ ਤੋਂ ਬਚਾਉਣਾ ਅਤੇ ਸੰਭਾਵਤ ਤੌਰ 'ਤੇ ਉਸ ਵੇਲੇ ਅਦਾਲਤ ਤੋਂ ਦਖਲ ਦੀ ਮੰਗ ਕਰਨੀ ਜਦੋਂ ਵਿਰੋਧੀ ਪੱਖ ਦੇ ਸਵਾਲ-ਜਵਾਬ ਨੂੰ ਨਾਵਾਜਬ ਜਾਂ ਜ਼ਿਆਦਤੀ ਵਾਲਾ ਸਮਝਿਆ ਜਾਂਦਾ ਹੈ।''

[4] ਕੋਡ ਆਫ਼ ਪ੍ਰੈਕਟਿਸ ਫਾਰ ਵਿਕਟਿਮਜ਼ ਆਫ਼ ਕ੍ਰਾਈਮ, ਦਾ ਸੈਕਸ਼ਨ 7.12 ਬਿਆਨ ਕਰਦਾ ਹੈ ਕਿ ਜੇ ਸ਼ਿਕਾਰ ਹੋਏ ਵਿਅਕਤੀ ਨੂੰ ਵਿਟਨੈਸ ਕੇਅਰ ਯੂਨਿਟ ਵੱਲੋਂ ਸੀ.ਪੀ.ਐਸ. ਕੋਲ ਭੇਜਿਆ ਜਾਂਦਾ ਹੈ ਤਾਂ ਸੀ.ਪੀ.ਐਸ. ਨੂੰ ਸ਼ਿਕਾਰ ਹੋਏ ਵਿਅਕਤੀ ਦੇ ਕਿਸੇ ਵੀ ਸਵਾਲ ਦਾ ਜਵਾਬ ਜ਼ਰੂਰ ਦੇਣਾ ਚਾਹੀਦਾ ਹੈ (ਅਜਿਹਾ ਉਸ ਸਮੇਂ ਹੁੰਦਾ ਹੈ ਜਦੋਂ ਵਿਟਨੈਸ ਕੇਅਰ ਯੂਨਿਟ ਸ਼ਿਕਾਰ ਹੋਏ ਵਿਅਕਤੀ ਦੇ ਸਵਾਲਾਂ ਦਾ ਜਵਾਬ ਨਹੀਂ ਦੇ ਸਕਦੀ ਹੈ)।

ਨੁਕਸਾਨ ਦੇ ਮੁਆਵਜੇ ਲਈ ਢੁਕਵੇਂ ਕੇਸਾਂ ਵਿੱਚ ਹੁਕਮ ਦੇਣ ਦੀ ਗੱਲ ਸ਼ਾਮਲ ਹੈ।[5]

ਸਾਰੇ ਕੇਸਾਂ ਵਿੱਚ ਇਹ ਫ਼ੈਸਲਾ ਕਰਨਾ ਸਿਰਫ ਮੈਜਿਸਟ੍ਰੇਟਸ ਜਾਂ ਜੱਜ 'ਤੇ ਨਿਰਭਰ ਹੁੰਦਾ ਹੈ ਕਿ ਕੀ ਸਜ਼ਾ ਹੋਣੀ ਚਾਹੀਦੀ ਹੈ। ਸੀਮਤ ਗਿਣਤੀ ਦੇ ਅਪਰਾਧਾਂ ਵਿੱਚ (ਅਤੇ ਸਿਰਫ ਉਸ ਸਮੇਂ ਜਦੋਂ ਪ੍ਰਤੀਵਾਦੀ ਨੂੰ ਕ੍ਰਾਊਨ ਕੋਰਟ ਵਿੱਚ ਸਜ਼ਾ ਸੁਣਾਈ ਜਾਂਦੀ ਹੈ), ਸਾਨੂੰ ਅਟਾਰਨੀ ਜਨਰਲ ਨੂੰ ਇਸ ਸਜ਼ਾ ਨੂੰ ਚੁਣੌਤੀ ਦੇਣ ਬਾਰੇ ਕਹਿਣ ਦਾ ਅਧਿਕਾਰ ਹੈ, ਜੇ ਸਾਨੂੰ ਲਗਦਾ ਹੈ ਕਿ ਇਹ ਸਜ਼ਾ ਅਣਉਚਿਤ ਢੰਗ ਨਾਲ ਨਰਮਾਈ ਵਾਲੀ ਹੈ। ਇੱਕ ਅਣਉਚਿਤ ਨਰਮਾਈ ਵਾਲੀ ਸਜ਼ਾ ਉਹ ਹੁੰਦੀ ਹੈ: *'ਜਿੱਥੇ ਇਹ ਉਹਨਾਂ ਸਜ਼ਾਵਾਂ ਦੇ ਦਾਇਰੇ ਵਿੱਚੋਂ ਬਾਹਰ ਜਾਂਦੀ ਹੈ ਜਿਸ ਨੂੰ ਜੱਜ, ਸਾਰੇ ਢੁਕਵੇਂ ਕਾਰਕਾਂ ਵੱਲ ਧਿਆਨ ਦੇਣ ਤੋਂ ਬਾਅਦ, ਵਾਜਬ ਢੰਗ ਨਾਲ ਉਚਿਤ ਕਰਾਰ ਦੇ ਸਕਦਾ ਹੈ।'* ਸ਼ਿਕਾਰ ਹੋਏ ਵਿਅਕਤੀ ਜਾਂ ਉਸਦੇ ਪਰਿਵਾਰ ਸਮੇਤ, ਕੋਈ ਵੀ ਵਿਅਕਤੀ ਜੋ ਇਹ ਸਮਝਦਾ ਹੈ ਕਿ ਸਜ਼ਾ ਅਣਉਚਿਤ ਢੰਗ ਨਾਲ ਨਰਮਾਈ ਵਾਲੀ ਹੈ ਤਾਂ ਉਹ ਸਿੱਧੇ ਤੌਰ 'ਤੇ ਇਸ ਨੂੰ ਅਟਾਰਨੀ ਜਨਰਲ ਦੇ ਧਿਆਨ ਵਿੱਚ ਲਿਆ ਸਕਦਾ ਹੈ। ਐਪਰ, ਇਸ ਲਈ 28 ਦਿਨਾਂ ਦੇ ਸਮੇਂ (ਸਜ਼ਾ ਸੁਣਾਏ ਜਾਣ ਵਾਲੇ ਦਿਨ ਤੋਂ ਬਾਅਦ) ਦੀ ਸਖ਼ਤ ਬੰਦਸ਼ ਹੈ ਜਿਸਦੇ ਅੰਦਰ ਅਟਾਰਨੀ ਜਨਰਲ ਨੂੰ ਕੋਰਟ ਆਫ ਅਪੀਲ ਲਈ ਦਰਖ਼ਾਸਤ ਜ਼ਰੂਰ ਦੇਣੀ ਚਾਹੀਦੀ ਹੈ।

## ਸ਼ਿਕਾਰ ਹੋਏ ਵਿਅਕਤੀ ਦੇ ਬਿਆਨ

ਸ਼ਿਕਾਰ ਹੋਏ ਵਿਅਕਤੀ ਦਾ ਵਿਅਕਤੀਗਤ ਬਿਆਨ ਉਹ ਬਿਆਨ ਹੁੰਦਾ ਹੈ ਜੋ ਜੁਰਮ ਦੇ ਸ਼ਿਕਾਰ ਹੋਏ ਵਿਅਕਤੀ ਵੱਲੋਂ, ਉਸ 'ਤੇ ਜੁਰਮ ਦੇ ਪਏ ਪ੍ਰਭਾਵ ਦੀ ਵਿਆਖਿਆ ਕਰਦੇ ਹੋਏ ਦਿੱਤਾ ਜਾਂਦਾ ਹੈ। ਬਿਆਨ ਵਿੱਚ ਸ਼ਿਕਾਰ ਹੋਏ ਵਿਅਕਤੀ ਇਸ ਬਾਰੇ ਵਰਣਨ ਕਰ ਸਕਦੇ ਹਨ ਕਿ ਉਹ ਕਿਸ ਤਰ੍ਹਾਂ ਨਾਲ ਜੁਰਮ ਤੋਂ ਪ੍ਰਭਾਵਿਤ ਹੋਏ ਹਨ। ਉਹ ਕੇਸ ਦੌਰਾਨ ਆਪਣੀਆਂ ਇੱਛਾਵਾਂ ਜਾਂ ਲੋੜਾਂ ਅਤੇ ਜੁਰਮ ਦੇ ਨਤੀਜੇ ਵੱਜੋਂ ਹੋਣ ਵਾਲੀਆਂ ਸੰਭਾਵਤ ਚਿੰਤਾਵਾਂ ਬਾਰੇ ਗੱਲਬਾਤ ਕਰ ਸਕਦੇ ਹਨ, ਮਿਸਾਲ ਦੇ ਤੌਰ 'ਤੇ ਸੁਰੱਖਿਆ ਬਾਰੇ, ਡਰਾਏ-ਧਮਕਾਏ ਜਾਣ ਬਾਰੇ ਜਾਂ ਜ਼ਮਾਨਤ ਬਾਰੇ। ਉਹ ਮੁਕੱਦਮੇ ਲਈ ਆਪਣੇ ਸਮਰਥਨ (ਜਾਂ ਸਮਰਥਨ ਦੀ ਕਮੀ) ਦਾ ਜ਼ਿਕਰ ਵੀ ਕਰ ਸਕਦੇ ਹਨ ਅਤੇ ਕਿਸੇ ਵੀ ਸਮਰਥਨ ਦੇਣ ਵਾਲੀ ਏਜੰਸੀ ਤੋਂ ਮਦਦ ਲਈ ਬੇਨਤੀ ਕਰ ਸਕਦੇ ਹਨ। ਇਸ ਦੇ ਜ਼ਰੀਏ ਅਦਾਲਤ ਨਾ ਸਿਰਫ ਜੁਰਮ ਨੂੰ ਹੀ ਬਲਕਿ ਉਸ ਸੰਦਰਭ ਨੂੰ ਵੀ ਬਿਹਤਰ ਢੰਗ ਨਾਲ ਸਮਝ ਸਕੇਗੀ ਜਿਸ ਜਿਸ ਵਿੱਚ ਇਹ ਹੋਇਆ ਸੀ। ਇਹ ਬਿਆਨ ਚੋਣਵਾਂ ਹੈ, ਅਤੇ ਸ਼ਿਕਾਰ ਹੋਏ ਵਿਅਕਤੀ ਤੋਂ ਇਹ ਪੁੱਛਣਾ ਚਾਹੀਦਾ ਹੈ ਕਿ, ਕੀ ਉਹ ਅਜਿਹਾ ਬਿਆਨ ਦੇਣ ਦਾ ਇੱਛੁਕ ਹੈ ਜਾਂ ਕੀ ਉਸ ਨੂੰ ਬਿਆਨ ਦੇਣ ਲਈ ਪਰਿਵਾਰਕ ਜੀਅ ਜਾਂ ਸਹਾਇਕ ਵਰਕਰ ਦੀ ਲੋੜ ਹੈ। ਇਹ ਬਿਆਨ ਕਿਸੇ ਸਮੇਂ ਵੀ ਦਿੱਤਾ ਜਾ ਸਕਦਾ ਹੈ ਅਤੇ

[5] ਪ੍ਰੋਸੀਕਿਊਟਰ ਦਾ ਪ੍ਰਣ: ''ਜੁਰਮ ਸਾਬਤ ਹੋਣ 'ਤੇ, ਸ਼ਿਕਾਰ ਹੋਏ ਵਿਅਕਤੀ ਦੇ ਮੁਆਵਜ਼ੇ, ਪੁਨਰ-ਸਥਾਪਨ ਅਤੇ ਭਵਿੱਖ ਦੀ ਸੁਰੱਖਿਆ ਲਈ ਢੁਕਵੇਂ ਹੁਕਮਾਂ ਲਈ ਦਰਖ਼ਾਸਤ ਦਿਓ।''

ਇੱਕ ਤੋਂ ਵੱਧ ਵਾਰ ਬਿਆਨ ਦੇਣਾ ਸੰਭਵ ਹੈ। ਸ਼ਿਕਾਰ ਹੋਇਆ ਵਿਅਕਤੀ ਪੁਲਿਸ ਜਾਂ ਸੀ.ਪੀ.ਐਸ. ਵਕੀਲ ਤੋਂ ਉਹ ਕਿਤਾਬਚਾ ਮੰਗ ਸਕਦਾ ਹੈ ਜੋ ਇਹ ਵਿਆਖਿਆ ਕਰਦਾ ਹੈ ਕਿ ਸ਼ਿਕਾਰ ਹੋਏ ਵਿਅਕਤੀ ਦਾ ਵਿਅਕਤੀਗਤ ਬਿਆਨ ਕੀ ਹੁੰਦਾ ਹੈ ਅਤੇ, ਉਹਨਾਂ ਦਾ ਇਸਤੇਮਾਲ ਕਿਵੇਂ ਕੀਤਾ ਜਾ ਸਕਦਾ ਹੈ।

ਅਸੀਂ ਸ਼ਿਕਾਰ ਹੋਏ ਵਿਅਕਤੀ ਦੇ ਵਿਅਕਤੀਗਤ ਬਿਆਨ ਵਿੱਚ ਸ਼ਾਮਲ ਕਿਸੇ ਵੀ ਸੂਚਨਾ 'ਤੇ ਧਿਆਨ ਦੇਵਾਂਗੇ ਅਤੇ ਅਦਾਲਤ ਨੂੰ ਜੁਰਮ ਦੇ ਸ਼ਿਕਾਰ ਹੋਏ ਵਿਅਕਤੀ 'ਤੇ ਪਏ ਪ੍ਰਭਾਵ ਬਾਰੇ ਦੱਸਾਂਗੇ। ਕੇਸਾਂ ਬਾਰੇ ਫ਼ੈਸਲਾ ਲੈਣ ਵਿੱਚ ਮਦਦ ਲਈ ਵੀ ਅਸੀਂ ਇਹਨਾਂ ਬਿਆਨਾਂ ਦਾ ਇਸਤੇਮਾਲ ਕਰ ਸਕਦੇ ਹਾਂ, ਮਿਸਾਲ ਦੇ ਤੌਰ 'ਤੇ ਇਹ ਫ਼ੈਸਲਾ ਲੈਂਦੇ ਸਮੇਂ ਕਿ, ਕੀ ਅਦਾਲਤ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਜਾਂ ਜ਼ਮਾਨਤ ਲਈ ਸ਼ਰਤਾਂ ਲਗਾਉਣ ਬਾਰੇ ਕਿਹਾ ਜਾਵੇ ਜਾਂ ਨਹੀਂ।

# 12 ਸ਼ਿਕਾਰ ਹੋਏ ਵਿਅਕਤੀ ਨੂੰ ਸੂਚਿਤ ਰੱਖਣਾ

ਅਸੀਂ ਜਾਣਦੇ ਹਾਂ ਕਿ ਸ਼ਿਕਾਰ ਹੋਏ ਵਿਅਕਤੀਆਂ ਲਈ ਕੇਸ ਦੇ ਅੱਗੇ ਵਧਣ ਬਾਰੇ ਜਾਣਕਾਰੀ ਮਿਲਦੇ ਰਹਿਣਾ ਕਿੰਨਾ ਅਹਿਮ ਹੈ। ਸਮਰਪਿਤ ਵਿਟਨੈਸ ਕੇਅਰ ਯੂਨਿਟਾਂ ਸ਼ਿਕਾਰ ਹੋਏ ਵਿਅਕਤੀਆਂ ਅਤੇ ਗਵਾਹਾਂ ਨੂੰ ਅਦਾਲਤੀ ਸੁਣਵਾਈ ਦੀਆਂ ਤਾਰੀਖ਼ਾਂ ਜਾਂ ਕੇਸ ਦੇ ਕਿਸੇ ਹੋਰ ਅਹਿਮ ਘਟਨਾਕ੍ਰਮ ਬਾਰੇ ਜਾਣਕਾਰੀ ਦੇਣ ਲਈ ਜ਼ਿੰਮੇਵਾਰ ਹਨ। ਹਰੇਕ ਸੀ.ਪੀ.ਐਸ. ਖੇਤਰ ਵਿੱਚ ਸਾਡੇ ਕੋਲ ਵਿਟਨੈਸ ਕੇਅਰ ਯੂਨਿਟਾਂ ਹਨ ਅਤੇ ਇਹ ਸਾਂਝੇ ਤੌਰ 'ਤੇ ਸੀ.ਪੀ.ਐਸ. ਅਤੇ ਪੁਲਿਸ ਵੱਲੋਂ ਚਲਾਈਆਂ ਜਾਂਦੀਆਂ ਹਨ। ਵਿਟਨੈਸ ਕੇਅਰ ਆਫਿਸਰ ਹਰੇਕ ਗਵਾਹ ਲਈ ਇੱਕੋ ਬਿੰਦੂ ਦਾ ਸੰਪਰਕ ਅਤੇ ਢੁਕਵਾਂ ਸਮਰਥਨ ਮੁਹੱਈਆ ਕਰਵਾਉਂਦੇ ਹਨ ਜਿਸ ਨਾਲ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਆਪਣੀਆਂ ਸਭ ਤੋਂ ਵਧੀਆ ਗਵਾਹੀਆਂ ਦੇ ਸਕਣ। ਇਹ ਅਨੁਕੂਲ ਬਣਾਈ ਸਹਾਇਤਾ ਲੋੜਾਂ ਦੇ ਮੁਲਾਂਕਣ 'ਤੇ ਨਿਰਭਰ ਕਰਦੀ ਹੈ ਅਤੇ ਇਸ ਦੇ ਕਾਰਨ ਕਿਸੇ ਵੀ ਅਜਿਹੀ ਵਿਸ਼ੇਸ਼ੱਗ ਸਹਾਇਤਾ ਦੀ ਸ਼ਨਾਖ਼ਤ ਹੋਣੀ ਚਾਹੀਦੀ ਹੈ ਜਿਸ ਦੀ ਗਵਾਹ ਨੂੰ ਲੋੜ ਹੈ।

ਵਿਟਨੈਸ ਕੇਅਰ ਆਫਿਸਰਜ਼ ਪ੍ਰਤੀਵਾਦੀ ਵਿਰੁੱਧ ਦੋਸ਼ ਆਇਦ ਕੀਤੇ ਜਾਣ ਤੋਂ ਲੈ ਕੇ ਅੰਤਿਮ ਸੁਣਵਾਈ ਤਕ, ਸ਼ਿਕਾਰ ਹੋਏ ਵਿਅਕਤੀ ਦੀ ਦੇਖਭਾਲ ਦਾ ਪ੍ਰਬੰਧ ਕਰਨਗੇ।

## ਕੋਡ ਆਫ ਪ੍ਰੈਕਟਿਸ ਫ਼ਾਰ ਵਿਕਟਿਮਜ਼ ਆਫ਼ ਕ੍ਰਾਈਮ (ਜੁਰਮ ਦੇ ਸ਼ਿਕਾਰ ਹੋਏ ਲੋਕਾਂ ਲਈ ਵਿਹਾਰ ਦੀ ਨਿਯਮਾਵਲੀ)

ਇਹ ਨਿਯਮਾਵਲੀ ਸ਼ਿਕਾਰ ਹੋਏ ਵਿਅਕਤੀਆਂ ਪ੍ਰਤੀ ਸੀ.ਪੀ.ਐਸ. ਦੀ ਜ਼ਿੰਮੇਵਾਰੀ ਬਾਰੇ ਦੱਸਦਾ ਹੈ। ਇਹਨਾਂ ਜ਼ਿੰਮੇਵਾਰੀਆਂ ਵਿੱਚੋਂ ਇੱਕ ਜ਼ਿੰਮੇਵਾਰੀ ਸ਼ਿਕਾਰ ਹੋਏ ਵਿਅਕਤੀ ਨੂੰ ਇਹ ਦੱਸਣ ਦੀ ਵੀ ਹੈ ਜਦੋਂ ਅਸੀਂ ਇਹ ਫ਼ੈਸਲਾ ਕਰਦੇ ਹਾਂ ਕਿ ਮੁਕੱਦਮਾ ਕਰਨ ਲਈ ਸਬੂਤ ਨਾਕਾਫੀ ਹਨ (ਪੁਲਿਸ ਤੋਂ ਸਬੂਤਾਂ ਸਬੰਧੀ ਮੁਕੰਮਲ ਰਿਪੋਰਟ ਤੋਂ ਬਾਅਦ), ਜਾਂ ਜਦੋਂ ਅਸੀਂ ਕੇਸ ਵਾਪਸ ਲੈਣ ਦਾ ਫ਼ੈਸਲਾ ਕਰਦੇ ਹਾਂ, ਜਾਂ ਦੋਸ਼ਾਂ ਵਿੱਚ ਬਹੁਤ ਵੱਡੀ ਤਬਦੀਲੀ ਕਰਦੇ ਹਾਂ। ਅਜਿਹੇ ਹਾਲਾਤ ਵਿੱਚ ਅਸੀਂ ਸ਼ਿਕਾਰ ਹੋਏ ਵਿਅਕਤੀ ਨੂੰ ਇਸ ਗੱਲ ਦੀ ਵਿਆਖਿਆ ਕਰਾਂਗੇ ਕਿ ਅਸੀਂ ਇਹ ਫ਼ੈਸਲੇ ਕਿਉਂ ਕੀਤੇ ਹਨ। ਆਮ ਤੌਰ 'ਤੇ ਅਸੀਂ ਸ਼ਿਕਾਰ ਹੋਏ ਵਿਅਕਤੀ ਨੂੰ ਸਿੱਧਾ ਪੱਤਰ ਲਿਖ ਕੇ ਅਜਿਹਾ ਕਰਾਂਗੇ। ਕੁਝ ਸਥਿਤੀਆਂ ਵਿੱਚ ਕੇਸ ਨਾਲ ਬਹੁਤ ਜਲਦੀ ਨਜਿੱਠਿਆ ਜਾ ਸਕਦਾ ਹੈ ਅਤੇ ਹੋ ਸਕਦਾ ਹੈ ਕਿ ਹਰ ਵਾਰ ਅਸੀਂ ਕੇਸ ਖਤਮ ਹੋਣ ਤਕ ਇਸ ਦੀ ਵਿਆਖਿਆ ਨਾ ਕਰ ਸਕੀਏ। ਐਪਰ, ਕੇਸ ਖਤਮ ਹੋਣ ਦੇ ਬਾਵਜੂਦ ਵੀ ਸ਼ਿਕਾਰ ਹੋਏ ਵਿਅਕਤੀ ਕੋਲ ਇਸ ਦੀ ਵਿਆਖਿਆ ਕੀਤੀ ਜਾਵੇਗੀ। ਜੇ ਸ਼ਿਕਾਰ ਹੋਇਆ ਵਿਅਕਤੀ ਲਾਚਾਰ ਜਾਂ ਡਰਾਇਆ-ਧਮਕਾਇਆ ਗਿਆ ਹੈ ਤਾਂ ਅਸੀਂ ਉਸ ਨੂੰ ਇੱਕ ਕੰਮਕਾਜੀ ਦਿਨ ਦੇ ਅੰਦਰ ਅਤੇ ਹੋਰਨਾਂ ਸ਼ਿਕਾਰ ਹੋਏ ਵਿਅਕਤੀਆਂ ਨੂੰ ਪੰਜ ਕੰਮਕਾਜੀ ਦਿਨਾਂ ਅੰਦਰ ਸੂਚਿਤ ਕਰਾਂਗੇ।

ਨਸਲੀ ਜਾਂ ਧਾਰਮਿਕ ਜੁਰਮ ਨਾਲ ਸੰਬੰਧਤ ਕੇਸਾਂ ਵਿੱਚ ਪ੍ਰੋਸੀਕਿਊਟਰ, ਜੋ ਦੋਸ਼ ਵਾਪਸ ਲੈਣ ਜਾਂ ਦੋਸ਼ਾਂ ਵਿੱਚ ਵੱਡੀ ਤਬਦੀਲੀ ਕਰਨ ਦਾ ਫ਼ੈਸਲਾ ਲੈਂਦਾ ਹੈ, ਫ਼ੈਸਲੇ ਦੇ ਕਾਰਨਾਂ ਦੀ ਵਿਅਕਤੀਗਤ ਤੌਰ 'ਤੇ ਵਿਆਖਿਆ ਕਰਨ ਲਈ ਸ਼ਿਕਾਰ ਹੋਏ ਵਿਅਕਤੀ ਨੂੰ ਮਿਲਣ ਦੀ ਪੇਸ਼ਕਸ਼ ਵੀ ਕਰੇਗਾ। ਜਿੱਥੇ ਪ੍ਰੋਸੀਕਿਊਟਰ ਨੇ ਪੁਲਿਸ ਅਧਿਕਾਰੀ ਨਾਲ ਆਹਮੋ-ਸਾਹਮਣੇ ਵਿਚਾਰ-ਵਟਾਂਦਰੇ ਦੌਰਾਨ ਦੋਸ਼ ਆਇਦ ਨਾ ਕਰਨ ਦਾ ਫ਼ੈਸਲਾ ਲਿਆ ਹੁੰਦਾ ਹੈ (ਜੋ ਕਿ, ਮੁਕੰਮਲ ਸਬੂਤਾਂ ਦੀ ਲਿਖ਼ਤੀ ਰਿਪੋਰਟ ਦੇ ਬਗੈਰ ਹੁੰਦਾ ਹੈ), ਤਾਂ ਪੁਲਿਸ ਅਧਿਕਾਰੀ ਨੂੰ ਸ਼ਿਕਾਰ ਹੋਏ ਵਿਅਕਤੀ ਨੂੰ ਇਸ ਬਾਰੇ ਸੂਚਿਤ ਜ਼ਰੂਰ ਕਰਨਾ ਚਾਹੀਦਾ ਹੈ।

ਕੋਡ ਆਫ ਪ੍ਰੈਕਟਿਸ ਫਾਰ ਵਿਕਟਿਮਜ਼ ਆਫ਼ ਕ੍ਰਾਈਮ ਦੀਆਂ ਨਕਲਾਂ CPS Communications Branch at 50 Ludgate Hill, London EC4M 7EX ਤੋਂ ਜਾਂ ਸਾਡੀ ਇਸ ਵੈਬਸਾਈਟ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ: http://www.cps.gov.uk/victims_witnesses/victims_code.pdf

# 13 ਨਸਲੀ ਅਤੇ ਧਾਰਮਿਕ ਜੁਰਮ ਦੀ ਨਿਗਰਾਨੀ ਕਰਨਾ

ਅਸੀਂ ਨਸਲੀ ਜਾਂ ਧਾਰਮਿਕ ਘਟਨਾਵਾਂ ਵੱਜੋਂ ਸ਼ਨਾਖ਼ਤ ਕੇਸਾਂ ਬਾਰੇ ਮੁਕੱਦਮਾ ਕਰਨ ਜਾਂ ਨਾ ਕਰਨ ਦੇ ਫ਼ੈਸਲਿਆਂ ਅਤੇ ਆਪਣੇ ਵੱਲੋਂ ਮੁਕੱਦਮਾ ਕੀਤੇ ਗਏ ਕੇਸਾਂ ਦੇ ਨਤੀਜਿਆਂ ਨੂੰ ਰਿਕਾਰਡ ਕਰਦੇ ਹਾਂ। ਇਸ ਤੋਂ ਇਲਾਵਾ ਧਾਰਮਿਕ ਪ੍ਰਚੰਡਤਾ ਵਾਲੇ ਅਪਰਾਧ ਵਿਅਕਤੀਗਤ ਤੌਰ 'ਤੇ ਡਾਇਰੈਕਟਰ ਦੇ ਪ੍ਰਿੰਸੀਪਲ ਲੀਗਲ ਅਡਵਾਈਜ਼ਰ ਕੋਲ ਰਿਪੋਰਟ ਕੀਤੇ ਜਾਂਦੇ ਹਨ ਤਾਂ ਜੋ ਉਹ ਮੁਕੱਦਮੇ ਦੀ ਕਾਰਵਾਈ ਕਰਨ ਦੇ ਫ਼ੈਸਲੇ ਬਾਰੇ ਆਪਣੇ ਵਿਚਾਰ ਪੇਸ਼ ਕਰ ਸਕੇ।

ਅਸੀਂ ਨਸਲੀ ਅਤੇ ਧਾਰਮਿਕ ਪ੍ਰਚੰਡਤਾ ਵਾਲੇ ਜੁਰਮਾਂ ਦੀ ਸਲਾਨਾ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ, ਜਿਸ ਵਿੱਚ 1999 ਤੋਂ ਲੈ ਕੇ ਹੁਣ ਤਕ ਦੇ ਸਥਾਨਕ ਅਤੇ ਕੌਮੀ ਪੱਧਰ ਦੇ ਅੰਕੜੇ ਦਿੱਤੇ ਹਨ। ਸੀ.ਪੀ.ਐਸ. ਦੀ ਨਸਲੀ ਅਤੇ ਧਾਰਮਿਕ ਘਟਨਾ ਬਾਰੇ ਨਿਗਰਾਨੀ ਸਕੀਮ (RIMS) ਦੀ ਸਲਾਨਾ ਰਿਪੋਰਟ ਇੱਕ ਜਨਤਕ ਦਸਤਾਵੇਜ਼ ਹੈ ਅਤੇ ਇਹ ਸਾਡੀ ਕਮਿਊਨਿਕੇਸ਼ਨ ਬ੍ਰਾਂਚ ਜਾਂ ਸਾਡੀ ਵੈਬਸਾਈਟ ਤੋਂ ਮਿਲ ਸਕਦੀ ਹੈ।

ਰਿਪੋਰਟ ਪੁਲਿਸ ਵੱਲੋਂ ਸਾਡੇ ਕੋਲ ਭੇਜੇ ਗਏ ਕੇਸਾਂ ਦੀ ਗਿਣਤੀ, ਮੁਕੱਦਮਾ ਕਰਨ ਜਾਂ ਨਾ ਕਰਨ ਬਾਰੇ ਸਾਡਾ ਫ਼ੈਸਲਾ, ਉਹ ਦੋਸ਼ ਜਿਹਨਾਂ 'ਤੇ ਮੁਕੱਦਮਾ ਕੀਤਾ ਗਿਆ ਜਾਂ ਵਿਚਾਲੇ ਛੱਡ ਦਿੱਤੇ ਗਏ, ਮੈਜਿਸਟ੍ਰੇਟ ਦੀਆਂ ਅਦਾਲਤਾਂ, ਯੂਥ ਕੋਰਟਸ ਅਤੇ ਕ੍ਰਾਊਨ ਕੋਰਟ ਵਿੱਚ ਦੋਸ਼ਾਂ 'ਤੇ ਕੀਤੇ ਮੁਕੱਦਮਿਆਂ ਦੇ ਨਤੀਜੇ ਅਤੇ ਸੁਣਾਈਆਂ ਗਈਆਂ ਸਜ਼ਾਵਾਂ ਬਾਰੇ ਜਾਣਕਾਰੀ ਦਿੰਦੀ ਹੈ।

2006-07 ਵਿੱਚ ਸੀ.ਪੀ.ਐਸ. ਨੇ ਨਫਰਤ ਅਧਾਰਤ ਜੁਰਮ ਦੀ ਇਲੈਕਟ੍ਰਾਨਿਕ ਰਿਕਾਰਡਿੰਗ ਵਿੱਚ ਸੁਧਾਰ ਕਰਨ ਅਤੇ ਸੀ.ਪੀ.ਐਸ. ਨੂੰ ਇੱਕੋ ਸਲਾਨਾ ਰਿਪੋਰਟ ਵਿੱਚ ਨਫਰਤ ਅਧਾਰਤ ਜੁਰਮ ਦੇ ਅੰਕੜਿਆਂ ਨੂੰ ਜਨਤਕ ਤੌਰ 'ਤੇ ਰਿਪੋਰਟ ਕਰਨ ਦੇ ਸਮਰੱਥ ਬਣਾਉਣ ਲਈ 'ਹੇਟ ਕ੍ਰਾਈਮਜ਼ ਮੋਨੀਟਰਿੰਗ ਪ੍ਰੋਜੈਕਟ' ਦੀ ਸਥਾਪਨਾ ਕੀਤੀ। 2008-2009 ਤੋਂ ਬਾਅਦ, ਸੀ.ਪੀ.ਐਸ. ਐਨੁਅਲ ਹੇਟ ਕ੍ਰਾਈਮਜ਼ ਰਿਪੋਰਟ (ਨਫ਼ਰਤ ਅਧਾਰਤ ਜੁਰਮਾਂ ਬਾਰੇ ਸਲਾਨਾ ਰਿਪੋਰਟ) ਪੇਸ਼ ਕਰੇਗਾ ਜਿਸ ਵਿੱਚ ਨਸਲੀ ਅਤੇ ਧਾਰਮਿਕ ਜੁਰਮ ਬਾਰੇ ਕਾਰਗੁਜ਼ਾਰੀ ਅੰਕੜਿਆਂ (ਦੂਸਰੇ ਨਫਰਤ ਅਧਾਰਤ ਜੁਰਮਾਂ ਬਾਰੇ ਕਾਰਗੁਜ਼ਾਰੀ ਅੰਕੜਿਆਂ ਦੇ ਨਾਲ) ਨੂੰ ਸ਼ਾਮਲ ਕੀਤਾ ਜਾਏਗਾ। ਇਹ ਐਨੁਅਲ ਹੇਟ ਕ੍ਰਾਈਮਜ਼ ਰਿਪੋਰਟ RIMS ਸਲਾਨਾ ਰਿਪੋਰਟ ਦੀ ਜਗ੍ਹਾ ਲਏਗੀ।
ਸੀ.ਪੀ.ਐਸ. ਨੇ ਇਸ ਸਬੰਧ ਵਿੱਚ ਕਿ ਸੀ.ਪੀ.ਐਸ. ਵੱਲੋਂ ਕਿਹੜੇ ਵਾਧੂ ਅੰਕੜੇ ਇਸ ਵਿੱਚ ਰਿਕਾਰਡ ਕੀਤੇ ਜਾਣੇ ਚਾਹੀਦੇ ਹਨ, ਵਿਆਪਕ ਪੱਧਰ 'ਤੇ ਸਮੁਦਾਇਕ ਭਾਈਵਾਲਾਂ ਨਾਲ ਅੰਦਰੂਨੀ ਅਤੇ ਬਾਹਰੀ ਤੌਰ 'ਤੇ ਸਲਾਹ-ਮਸ਼ਵਰਾ ਕੀਤਾ ਹੈ। ਅੱਗੇ ਦਿੱਤੇ ਤਰਜੀਹ ਵਾਲੇ ਖੇਤਰਾਂ ਦੀ ਸ਼ਨਾਖ਼ਤ ਕੀਤੀ ਗਈ ਅਤੇ ਇਹਨਾਂ ਨੂੰ ਅਪ੍ਰੈਲ 2007 ਤੋਂ ਰਿਕਾਰਡ ਕੀਤਾ ਜਾਣਾ ਚਾਹੀਦਾ ਹੈ:

- ਸਾਰੇ ਪ੍ਰਤੀਵਾਦੀਆਂ ਅਤੇ ਸ਼ਿਕਾਰ ਹੋਏ ਲੋਕਾਂ ਦੇ ਧਰਮ ਅਤੇ ਆਸਥਾ ਨੂੰ ਦਰਜ ਕਰਨਾ (ਅਸੀਂ ਪੁਲਿਸ ਬਲਾਂ ਵੱਲੋਂ ਇਸਤੇਮਾਲ ਕੀਤੇ ਜਾਂਦੇ ਨਿਗਰਾਨੀ ਵਾਲੇ ਫਾਰਮਾਂ ਵਿੱਚ ਸੋਧ ਕਰਨ ਲਈ ਐਸੋਸੀਏਸ਼ਨ ਆਫ਼ ਚੀਫ਼ ਪੁਲਿਸ ਆਫਿਸਰਜ਼ ਦਾ ਇਕਰਾਰਨਾਮਾ ਕੀਤਾ);
- ਨਸਲੀ ਅਤੇ ਧਾਰਮਿਕ ਜੁਰਮਾਂ ਨੂੰ ਵੱਖਰੇ ਤੌਰ 'ਤੇ ਰਿਕਾਰਡ ਕਰਨਾ;
- ਉਹਨਾਂ ਕੇਸਾਂ ਨੂੰ ਰਿਕਾਰਡ ਕਰਨਾ ਜਿੱਥੇ ਪ੍ਰਚੰਡਤਾ ਵਾਲਾ ਅੰਸ਼ ਹਟਾ ਦਿੱਤਾ ਗਿਆ; ਅਤੇ
- ਪ੍ਰਚੰਡਤਾ ਵਾਲੇ ਜੁਰਮਾਂ ਲਈ ਵਧਾਈ ਗਈ ਸਜ਼ਾ ਨੂੰ ਰਿਕਾਰਡ ਕਰਨਾ।

ਕੋਡ ਆਫ ਪ੍ਰੈਕਟਿਸ ਫ਼ਾਰ ਵਿਕਟਮਜ਼ ਆਫ਼ ਕ੍ਰਾਈਮ ਨੇ ਸੀ.ਪੀ.ਐਸ. ਲਈ ਨਵੇਂ ਫਰਜ਼ ਅਤੇ ਜ਼ਿੰਮੇਵਾਰੀਆਂ ਤੈਅ ਕੀਤੀਆਂ ਹਨ। ਨਸਲੀ ਅਤੇ ਧਾਰਮਿਕ ਜੁਰਮਾਂ ਦੀ ਨਿਗਰਾਨੀ ਅਤੇ ਕਾਲੇ ਅਤੇ ਘੱਟ ਗਿਣਤੀ ਮੂਲ ਦੇ ਸ਼ਿਕਾਰ ਹੋਏ ਲੋਕਾਂ ਅਤੇ ਗਵਾਹਾਂ ਨਾਲ ਸੰਬੰਧਤ ਜੁਰਮਾਂ ਦੇ ਨਤੀਜਿਆਂ ਦੀ ਨਿਗਰਾਨੀ ਇਹ ਯਕੀਨੀ ਬਣਾਉਣ ਵਿੱਚ ਸਾਡੀ ਮਦਦ ਕਰੇਗੀ ਕਿ ਅਸੀਂ ਆਪਣੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਕਰ ਰਹੇ ਹਾਂ ਅਤੇ ਅਸੀਂ ਜੁਰਮ ਦੇ ਸਾਰੇ ਸ਼ਿਕਾਰ ਹੋਏ ਵਿਅਕਤੀਆਂ ਲਈ ਉੱਚ ਪੱਧਰ ਦੀਆਂ ਸੇਵਾਵਾਂ ਮੁਹੱਈਆ ਕਰਵਾ ਰਹੇ ਹਾਂ।

ਅਸੀਂ ਸਾਰੇ ਸੀ.ਪੀ.ਐਸ. ਖੇਤਰਾਂ ਨੂੰ ਸ਼ਾਮਲ ਕਰਨ ਵਾਲੇ 'ਹੇਟ ਕ੍ਰਾਈਮ ਸਕਰੂਟਨੀ ਪੈਨਲਸ' (ਨਫਰਤ ਅਧਾਰਤ ਜੁਰਮਾਂ ਦੀ ਛਾਣਬੀਣ ਕਰਨ ਵਾਲੇ ਪੈਨਲਾਂ) ਦੀ ਸਥਾਪਨਾ ਕਰਨ ਦੀ ਪ੍ਰਕਿਰਿਆ ਵਿੱਚੋਂ ਲੰਘ ਰਹੇ ਹਾਂ, ਜੋ ਸਾਡੀ ਕਾਰਗੁਜ਼ਾਰੀ ਦੀ ਇਹ ਛਾਣਬੀਣ ਕਰੇਗਾ ਕਿ ਅਸੀਂ ਨਫਰਤ ਅਧਾਰਤ ਜੁਰਮਾਂ ਨਾਲ ਕਿਵੇਂ ਨਜਿੱਠਦੇ ਹਾਂ।

# 14 ਸਮੁਦਾਇਕ ਰੁਝੇਵੇਂ

ਅਸੀਂ ਘੱਟ ਗਿਣਤੀ ਵਾਲੇ ਨਸਲੀ ਸਮੂਹਾਂ ਅਤੇ ਜੱਥੇਬੰਦੀਆਂ ਨਾਲ ਸਕਾਰਾਤਮਕ ਰਿਸ਼ਤੇ ਕਾਇਮ ਕਰਨ ਲਈ ਭਾਈਚਾਰੇ ਨਾਲ ਮਿਲ ਕੇ ਕੰਮ ਕਰਨ ਦੀ ਅਹਿਮੀਅਤ ਨੂੰ ਸਮਝਦੇ ਹਾਂ। ਇਸ ਨੀਤੀ ਬਿਆਨ ਦੀ ਪ੍ਰਕਾਸ਼ਨਾ ਇਸ ਟੀਚੇ ਨੂੰ ਹਾਸਲ ਕਰਨ ਦੀ ਦਿਸ਼ਾ ਵੱਲ ਵਧਿਆ ਇੱਕ ਅਹਿਮ ਕਦਮ ਹੈ। ਅਸੀਂ ਇਸ ਦੀ ਤਿਆਰੀ ਲਈ ਵਿਆਪਕ ਪੱਧਰ 'ਤੇ ਸਲਾਹ-ਮਸ਼ਵਰਾ ਕੀਤਾ ਹੈ ਅਤੇ ਪ੍ਰਕਾਸ਼ਨ ਤੋਂ ਬਾਅਦ ਵੀ ਅਸੀਂ ਇਸ ਦੀ ਪੜਚੋਲ ਕਰਦੇ ਰਹਾਂਗੇ। ਅਸੀਂ ਨੀਤੀ ਨੂੰ ਅਮਲ ਵਿੱਚ ਲਿਆਵਾਂਗੇ ਅਤੇ ਅਜਿਹਾ ਕਰਕੇ ਆਪਣੇ ਵੱਲੋਂ ਕੀਤੇ ਜਾਂਦੇ ਕੰਮਾਂ ਅਤੇ ਆਪਣੇ ਵੱਲੋਂ ਲਏ ਜਾਂਦੇ ਫ਼ੈਸਲਿਆਂ ਲਈ ਸਥਾਨਕ ਸਮੁਦਾਇਆਂ ਦਾ ਭਰੋਸਾ ਹਾਸਲ ਕਰਨ ਦੀ ਕੋਸ਼ਿਸ਼ ਕਰਾਂਗੇ।

ਅਸੀਂ ਪਹਿਲਾਂ ਹੀ ਸਥਾਨਕ ਪੱਧਰ 'ਤੇ ਪ੍ਰਤੀਨਿਧੀ ਸਮੂਹਾਂ ਅਤੇ ਵਿਅਕਤੀਆਂ ਰਾਹੀਂ ਕਾਲੇ 'ਤੇ ਘੱਟ ਗਿਣਤੀ ਮੂਲ ਅਤੇ ਧਾਰਮਿਕ ਭਾਈਚਾਰਿਆਂ ਨਾਲ ਸੰਬੰਧਾਂ ਨੂੰ ਮਜ਼ਬੂਤ ਬਣਾਉਣ ਲਈ ਕੰਮ ਕਰ ਰਹੇ ਹਾਂ। ਇਸ ਨਾਲ ਸਾਨੂੰ ਨੀਤੀਗਤ ਬਿਆਨ, ਅਤੇ ਇਸ ਬਾਰੇ ਦੀ ਵਿਆਖਿਆ ਕਰਨ ਵਿੱਚ ਮਦਦ ਮਿਲਦੀ ਹੈ ਕਿ ਅਸੀਂ ਫੌਜਦਾਰੀ ਨਿਆਂਇਕ ਪ੍ਰਣਾਲੀ ਵਿੱਚ ਇਸ ਨੂੰ ਕਿਵੇਂ ਚਲਾਉਣਾ ਚਾਹੁੰਦੇ ਹਾਂ। ਅਸੀਂ ਸੀ.ਪੀ.ਐਸ. ਅਤੇ ਫੌਜਦਾਰੀ ਨਿਆਂਇਕ ਪ੍ਰਣਾਲੀ ਬਾਰੇ ਅਤੇ ਜੋ ਕੁਝ ਵੀ ਪੇਸ਼ਕਸ਼ ਕੀਤਾ ਜਾ ਸਕਦਾ ਹੈ ਉਸ ਬਾਰੇ, ਬਗੈਰ ਝੂਠੀ ਆਸ ਜਗਾਏ ਸਵਾਲਾਂ ਦਾ ਜਵਾਬ ਬੇਲਾਗਤਾ ਨਾਲ ਦੇਵਾਂਗੇ।

# 15 ਸ਼ਿਕਾਇਤਾਂ

ਕੋਈ ਵੀ ਵਿਅਕਤੀ ਜਿਸ ਨੂੰ ਕ੍ਰਾਊਨ ਪ੍ਰੋਸੀਕਿਊਸ਼ਨ ਸਰਵਿਸ ਵਲੋਂ ਉਸ ਨਾਲ ਕੀਤੇ ਵਤੀਰੇ ਦੇ ਤਰੀਕੇ ਬਾਰੇ ਸ਼ਿਕਾਇਤ ਹੈ, ਜਾਂ ਜੋ ਇਹ ਮਹਿਸੂਸ ਕਰਦਾ ਹੈ ਕਿ ਫੌਜਦਾਰੀ ਨਿਆਂਇਕ ਪ੍ਰਣਾਲੀ ਨੇ ਉਸ ਨੂੰ ਨਿਰਾਸ਼ ਕੀਤਾ ਹੈ ਅਤੇ ਇਹ ਨਹੀਂ ਜਾਣਦਾ ਕਿ ਇਸ ਲਈ ਕੌਣ ਜ਼ਿੰਮੇਵਾਰ ਹੈ, ਤਾਂ ਉਹ ਉਸ ਸੀ.ਪੀ.ਐਸ. ਖੇਤਰ ਦੇ ਚੀਫ ਕ੍ਰਾਊਨ ਪ੍ਰੋਸੀਕਿਊਟਰ ਨੂੰ ਲਿਖ ਸਕਦਾ ਹੈ ਜਿੱਥੇ ਉਹ ਰਹਿੰਦਾ ਹੈ। ਕ੍ਰਾਊਨ ਪ੍ਰੋਸੀਕਿਊਸ਼ਨ ਸਰਵਿਸ ਕੋਲ ਆਪਣੀ ਸ਼ਿਕਾਇਤ ਨੀਤੀ, ਅਤੇ ਅਮਲ ਕੀਤੀ ਜਾਣ ਵਾਲੀ ਪ੍ਰਕਿਰਿਆ ਬਾਰੇ ਵਰਣਨ ਕਰਦਾ ਇੱਕ ਕਿਤਾਬਚਾ ਹੈ, ਜੋ ਸਥਾਨਕ ਸੀ.ਪੀ.ਐਸ. ਦਫਤਰ ਤੋਂ ਮਿਲ ਸਕਦਾ ਹੈ।

ਸੀ.ਪੀ.ਐਸ. ਲਈ ਸੰਪਰਕ ਬਿੰਦੂ ਇਸ ਦਸਤਾਵੇਜ਼ ਦੀ ਪਿਛਲੀ ਜਿਲਦ 'ਤੇ ਛਪੇ ਹਨ।

# 16 ਨਿਚੋੜ

ਅਪਰਾਧੀਆਂ ਨੂੰ ਸਜ਼ਾ ਦੁਆ ਕੇ ਨਸਲੀ ਅਤੇ ਧਾਰਮਿਕ ਜੁਰਮਾਂ ਨੂੰ ਘਟਾਉਣ ਲਈ ਅਸੀਂ ਆਪਣੀ ਭੂਮਿਕਾ ਨਿਭਾਉਣ ਪ੍ਰਤੀ ਦ੍ਰਿੜ੍ਹ ਹਾਂ, ਪਰ ਜੇ ਅਸੀਂ ਆਪਣਾ ਕੰਮ ਚੰਗੀ ਤਰ੍ਹਾਂ ਕਰਨਾ ਹੈ ਤਾਂ ਇਸ ਲਈ ਸਾਨੂੰ ਮਦਦ ਦੀ ਲੋੜ ਪਏਗੀ। ਅਸੀਂ ਚਾਹੁੰਦੇ ਹਾਂ ਕਿ ਕਾਲੇ ਅਤੇ ਘੱਟ ਗਿਣਤੀ ਮੂਲ ਵਾਲੇ ਭਾਈਚਾਰੇ ਅਤੇ ਧਰਮ ਸਾਡੇ 'ਤੇ ਭਰੋਸਾ ਰੱਖਣ। ਅਸੀ ਉਮੀਦ ਕਰਦੇ ਹਾਂ ਕਿ ਇਹ ਜਨਤਕ ਨੀਤੀ ਬਿਆਨ ਅਤੇ ਇਸ ਨਾਲ ਦਿੱਤਾ ਮਾਰਗਦਰਸ਼ਨ, ਅਸੀਂ ਕੀ ਕਰਦੇ ਹਾਂ; ਅਸੀਂ ਇਸ ਨੂੰ ਉਸੇ ਢੰਗ ਨਾਲ ਕਿਉਂ ਕਰਦੇ ਹਾਂ ਜਿਸ ਨਾਲ ਅਸੀਂ ਇਸ ਨੂੰ ਕਰਦੇ ਹਾਂ; ਅਤੇ ਸਾਡੇ ਦਰਪੇਸ਼ ਕੁਝ ਰੁਕਾਵਟਾਂ ਨੂੰ ਬਿਹਤਰ ਢੰਗ ਨਾਲ ਸਮਝਣ ਵਿੱਚ ਸਮਾਜ ਦੇ ਸਾਰੇ ਲੋਕਾਂ ਦੀ ਮਦਦ ਕਰਨ ਲਈ ਸ਼ੁਰੂਆਤ ਹੋਵੇਗਾ।

ਅਸੀਂ ਇਸ ਨੀਤੀਗਤ ਬਿਆਨ ਦੀ ਨਿਯਮਤ ਪੜਚੋਲ ਕਰਨਾ ਚਾਹੁੰਦੇ ਹਾਂ ਤਾਂ ਜੋ ਇਹ ਮੌਜੂਦਾ ਕਾਨੂੰਨ ਅਤੇ ਭਾਈਚਾਰਿਆਂ ਦੀਆਂ ਚਿੰਤਾਵਾਂ ਨੂੰ ਪ੍ਰਤੀਬਿੰਬਤ ਕਰੇ। ਇਸ ਲਈ ਅਸੀਂ ਕਿਸੇ ਵੀ ਉਸ ਟਿੱਪਣੀ ਦਾ ਸੁਆਗਤ ਕਰਦੇ ਹਾਂ ਜੋ ਇਸ ਉਦੇਸ਼ ਦੀ ਪੂਰਤੀ ਲਈ ਸਾਡੀ ਮਦਦ ਕਰਦੀ ਹੋਵੇ।

# ਅੰਤਿਕਾ A

## ਨਸਲੀ ਅਤੇ ਧਾਰਮਿਕ ਜੁਰਮ 'ਤੇ ਮੁਕੱਦਮੇ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਕਾਨੂੰਨ

### 1. ਨਸਲੀ ਜਾਂ ਧਾਰਮਿਕ ਪ੍ਰਚੰਡਤਾ ਵਾਲੇ ਅਪਰਾਧ – ਕ੍ਰਾਈਮ ਐਂਡ ਡਿਸਆਰਡਰ ਐਕਟ 1998 (ਐਂਟੀਟੈਰੋਰਿਜ਼ਮ, ਕ੍ਰਾਈਮ ਐਂਡ ਸਿਕਿਉਰਿਟੀ ਐਕਟ 2001 ਰਾਹੀਂ ਸੋਧਿਆ ਗਿਆ)

| ਅਪਰਾਧ | ਵੱਧ ਤੋਂ ਵੱਧ ਸਜ਼ਾ - ਪ੍ਰਚੰਡਤਾ ਵਾਲੇ ਰੂਪ ਵਿੱਚ | ਵੱਧ ਤੋਂ ਵੱਧ ਸਜ਼ਾ - ਮੁਢਲੇ ਰੂਪ ਵਿੱਚ | ਟਿੱਪਣੀਆਂ |
|---|---|---|---|
| ਨਸਲੀ/ਧਾਰਮਿਕ ਪ੍ਰਚੰਡਤਾ ਨਾਲ ਜ਼ਖ਼ਮੀ ਕਰਨਾ (s.29(1)(a) CDA) | ਕ੍ਰਾਊਨ ਕੋਰਟ - 7 ਸਾਲਾਂ ਦੀ ਕੈਦ ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਕ੍ਰਾਊਨ ਕੋਰਟ - 5 ਸਾਲਾਂ ਦੀ ਕੈਦ ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | |
| ਨਸਲੀ/ਧਾਰਮਿਕ ਪ੍ਰੰਚਡਤਾ ਨਾਲ ਅਸਲ ਸਰੀਰਕ ਨੁਕਸਾਨ (s.29(1)(b) CDA) | ਕ੍ਰਾਊਨ ਕੋਰਟ - 7 ਸਾਲਾਂ ਦੀ ਕੈਦ ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਕ੍ਰਾਊਨ ਕੋਰਟ - 5 ਸਾਲਾਂ ਦੀ ਕੈਦ ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | |
| ਨਸਲੀ/ਧਾਰਮਿਕ ਪ੍ਰੰਚਡਤਾ ਨਾਲ ਆਮ ਹਮਲਾ s.29(1)(c) CDA) | ਕ੍ਰਾਊਨ ਕੋਰਟ - 2 ਸਾਲਾਂ ਦੀ ਕੈਦ ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਮੈਜਿਸਟ੍ਰੇਟ ਦੀ ਅਦਾਲਤ ਵਿੱਚ ਸਿਰਫ਼ ਮੁਢਲੇ ਰੂਪ ਵਿੱਚ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ |
| ਨਸਲੀ/ਧਾਰਮਿਕ ਪ੍ਰੰਚਡਤਾ ਨਾਲ ਨੁਕਸਾਨ (s.30(1)(c) CDA) | ਕ੍ਰਾਊਨ ਕੋਰਟ - 14 ਸਾਲਾਂ ਦੀ ਕੈਦ ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਕ੍ਰਾਊਨ ਕੋਰਟ - 10 ਸਾਲਾਂ ਦੀ ਕੈਦ ਮੈਜਿਸਟ੍ਰੇਟ ਦੀ ਅਦਾਲਤ - 3 ਮਹੀਨੇ | ਜਿੱਥੇ ਮੁੱਲ £5,000 ਤੋਂ ਘੱਟ ਹੈ ਉੱਥੇ ਮੁਢਲੇ ਅਪਰਾਧ ਲਈ ਮੁਕੱਦਮਾ ਸਿਰਫ਼ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਚਲਾਇਆ ਜਾ ਸਕਦਾ ਹੈ। |
| ਨਸਲੀ/ਧਾਰਮਿਕ ਪ੍ਰੰਚਡਤਾ ਨਾਲ ਡਰ/ਹਿੰਸਾ ਦੀ ਭੜਕਾਹਟ (s.31(1)(a) CDA) | ਕ੍ਰਾਊਨ ਕੋਰਟ - 2 ਸਾਲਾਂ ਦੀ ਕੈਦ ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਮੈਜਿਸਟ੍ਰੇਟ ਦੀ ਅਦਾਲਤ ਵਿੱਚ ਸਿਰਫ਼ ਮੁਢਲੇ ਰੂਪ ਵਿੱਚ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ |

ਨਿਚੋੜ

| ਅਪਰਾਧ | ਵੱਧ ਤੋਂ ਵੱਧ ਸਜ਼ਾ - ਪ੍ਰਚੰਡਤਾ ਵਾਲੇ ਰੂਪ ਵਿੱਚ | ਵੱਧ ਤੋਂ ਵੱਧ ਸਜ਼ਾ - ਮੁਢਲੇ ਰੂਪ ਵਿੱਚ | ਟਿੱਪਣੀਆਂ |
|---|---|---|---|
| ਨਸਲੀ/ਧਾਰਮਿਕ ਪ੍ਰਚੰਡਤਾ ਨਾਲ ਇਰਾਦਤਨ ਪਰੇਸ਼ਾਨ ਕਰਨਾ/ਚਿਤਾਵਨੀ/ਤਕਲੀਫ ਦੇਣੀ (s.31(1)(b) CDA) | ਕ੍ਰਾਊਨ ਕੋਰਟ - 2 ਸਾਲਾਂ ਦੀ ਕੈਦ ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਮੈਜਿਸਟ੍ਰੇਟ ਦੀ ਅਦਾਲਤ ਵਿੱਚ ਸਿਰਫ਼ ਮੁਢਲੇ ਰੂਪ ਵਿੱਚ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ |
| ਨਸਲੀ/ਧਾਰਮਿਕ ਪ੍ਰਚੰਡਤਾ ਨਾਲ ਪਰੇਸ਼ਾਨ ਕਰਨਾ/ਚਿਤਾਵਨੀ/ਤਕਲੀਫ ਦੇਣੀ (s.31(1)(c) CDA) | ਮੈਜਿਸਟ੍ਰੇਟ ਦੀ ਅਦਾਲਤ - ਲੈਵਲ 4 ਤਕ ਦਾ ਜੁਰਮਾਨਾ | ਮੈਜਿਸਟ੍ਰੇਟ ਦੀ ਅਦਾਲਤ - ਲੈਵਲ 3 ਤਕ ਦਾ ਜੁਰਮਾਨਾ | ਪ੍ਰਚੰਡਤਾ ਵਾਲੇ ਜਾਂ ਮੁਢਲੇ, ਕਿਸੇ ਵੀ ਰੂਪ ਵਿੱਚ ਸਿਰਫ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਪ੍ਰਚੰਡਤਾ ਅਤੇ ਮੁਢਲੇ, ਦੋਵਾਂ ਅਪਰਾਧਾਂ ਲਈ ਦੋਸ਼ ਆਇਦ ਕਰਨ ਦੀ ਲੋੜ ਹੁੰਦੀ ਹੈ। |
| ਨਸਲੀ/ਧਾਰਮਿਕ ਪ੍ਰਚੰਡਤਾ ਨਾਲ ਪਰੇਸ਼ਾਨ ਕਰਨਾ/ਬਿਨਾਂ ਹਿੰਸਾ ਦੇ ਪਿੱਛਾ ਕਰਨਾ (s.32(1)(a) CDA) | ਕ੍ਰਾਊਨ ਕੋਰਟ - 2 ਸਾਲਾਂ ਦੀ ਕੈਦ ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਮੈਜਿਸਟ੍ਰੇਟ ਦੀ ਅਦਾਲਤ ਵਿੱਚ ਸਿਰਫ਼ ਮੁਢਲੇ ਰੂਪ ਵਿੱਚ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਅਦਾਲਤ ਪ੍ਰਚੰਡਤਾ ਵਾਲੇ ਜਾਂ ਮੁਢਲੇ ਅਪਰਾਧ ਵਿੱਚ ਜੁਰਮ ਸਾਬਤ ਹੋਣ 'ਤੇ ਰੋਕ ਲਗਾਉਣ ਦਾ ਹੁਕਮ ਸੁਣਾ ਸਕਦੀ ਹੈ। |
| ਨਸਲੀ/ਧਾਰਮਿਕ ਪ੍ਰਚੰਡਤਾ ਨਾਲ ਪਰੇਸ਼ਾਨ ਕਰਨਾ/ ਹਿੰਸਾ ਦੇ ਡਰ ਨਾਲ ਪਿੱਛਾ ਕਰਨਾ (s.32(1)(b) CDA) | ਕ੍ਰਾਊਨ ਕੋਰਟ - 2 ਸਾਲਾਂ ਦੀ ਕੈਦ ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਅਦਾਲਤ ਪ੍ਰਚੰਡਤਾ ਵਾਲੇ ਜਾਂ ਮੁਢਲੇ ਅਪਰਾਧ ਵਿੱਚ ਜੁਰਮ ਸਾਬਤ ਹੋਣ 'ਤੇ ਰੋਕ ਲਗਾਉਣ ਦਾ ਹੁਕਮ ਸੁਣਾ ਸਕਦੀ ਹੈ। |

## 2. ਨਸਲੀ ਨਫਰਤ ਲਈ ਉਕਸਾਹਟ- ਸੈਕਸ਼ਨ 17-29 ਪਬਲਿਕ ਆਰਡਰ ਐਕਟ 1986

| ਅਪਰਾਧ | ਵੱਧ ਤੋਂ ਵੱਧ ਸਜਾ | ਟਿੱਪਣੀਆਂ |
|---|---|---|
| s.18 - ਧਮਕੀ ਭਰੇ/ਬਦਜ਼ੁਬਾਨੀ ਵਾਲੇ/ਅਪਮਾਨਜਨਕ ਸ਼ਬਦਾਂ ਦਾ ਇਸਤੇਮਾਲ ਜਾਂ ਵਿਹਾਰ ਕਰਨਾ ਜਾਂ ਨਸਲੀ ਨਫ਼ਰਤ ਨੂੰ ਭੜਕਾਉਣ ਦੇ ਇਰਾਦੇ/ਸੰਭਾਵਨਾ ਨਾਲ ਲਿਖਤੀ ਸਮੱਗਰੀ ਦਾ ਪ੍ਰਦਰਸ਼ਨ ਕਰਨਾ | ਕ੍ਰਾਊਨ ਕੋਰਟ - 7 ਸਾਲਾਂ ਦੀ ਕੈਦ<br>ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਸਿਰਫ ਅਟਾਰਨੀ ਜਨਰਲ ਦੀ ਸਹਿਮਤੀ ਨਾਲ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਵਿਸ਼ੇਸ਼ੱਗ ਪ੍ਰੋਸੀਕਿਊਟਰ ਵੱਲੋਂ ਨਜਿੱਠੇ ਜਾਣ ਲਈ ਸੀ.ਪੀ.ਐਸ. ਦੀ ਕਾਊਂਟਰ ਟੈਰੋਰਿਜ਼ਮ ਡਿਵੀਜ਼ਨ ਦੇ ਹਵਾਲੇ ਕੀਤਾ ਜਾਂਦਾ ਹੈ |
| s.19 - ਅਜਿਹੀ ਲਿਖਤੀ ਸਮੱਗਰੀ ਨੂੰ ਪ੍ਰਕਾਸ਼ਿਤ ਕਰਨਾ/ਵੰਡਣਾ ਜੋ ਨਸਲੀ ਨਫ਼ਰਤ ਨੂੰ ਭੜਕਾਉਣ ਦੇ ਇਰਾਦੇ/ਸੰਭਾਵਨਾ ਨਾਲ ਧਮਕੀ ਭਰੀ/ਬਦਜ਼ਬਾਨੀ ਵਾਲੀ/ਅਪਮਾਨਜਨਕ ਹੈ | ਕ੍ਰਾਊਨ ਕੋਰਟ - 7 ਸਾਲਾਂ ਦੀ ਕੈਦ<br>ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਸਿਰਫ ਅਟਾਰਨੀ ਜਨਰਲ ਦੀ ਸਹਿਮਤੀ ਨਾਲ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਵਿਸ਼ੇਸ਼ੱਗ ਪ੍ਰੋਸੀਕਿਊਟਰ ਵੱਲੋਂ ਨਜਿੱਠੇ ਜਾਣ ਲਈ ਸੀ.ਪੀ.ਐਸ. ਦੀ ਕਾਊਂਟਰ ਟੈਰੋਰਿਜ਼ਮ ਡਿਵੀਜ਼ਨ ਦੇ ਹਵਾਲੇ ਕੀਤਾ ਜਾਂਦਾ ਹੈ |
| s.20 - ਨਸਲੀ ਨਫ਼ਰਤ ਨੂੰ ਭੜਕਾਉਣ ਦੇ ਇਰਾਦੇ/ਸੰਭਾਵਨਾ ਸਹਿਤ ਧਮਕੀ ਭਰੇ/ਬਦਜ਼ੁਬਾਨੀ ਵਾਲੇ/ਅਪਮਾਨਜਨਕ ਸ਼ਬਦਾਂ/ਵਿਹਾਰ ਸੰਬੰਧਤ ਨਾਟਕ ਦੀ ਜਨਤਕ ਪੇਸ਼ਕਾਰੀ | ਕ੍ਰਾਊਨ ਕੋਰਟ - 7 ਸਾਲਾਂ ਦੀ ਕੈਦ<br>ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਸਿਰਫ ਅਟਾਰਨੀ ਜਨਰਲ ਦੀ ਸਹਿਮਤੀ ਨਾਲ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਵਿਸ਼ੇਸ਼ੱਗ ਪ੍ਰੋਸੀਕਿਊਟਰ ਵੱਲੋਂ ਨਜਿੱਠੇ ਜਾਣ ਲਈ ਸੀ.ਪੀ.ਐਸ. ਦੀ ਕਾਊਂਟਰ ਟੈਰੋਰਿਜ਼ਮ ਡਿਵੀਜ਼ਨ ਦੇ ਹਵਾਲੇ ਕੀਤਾ ਜਾਂਦਾ ਹੈ |
| s.21 ਦ੍ਰਿਸ਼ਾਤਮਕ ਚਿੱਤਰਾਂ ਜਾਂ ਅਵਾਜ਼ਾਂ ਵਾਲੀ ਰਿਕਾਰਡਿੰਗ ਨੂੰ ਵੰਡਣਾ/ਦਿਖਾਉਣਾ/ਵਜਾਉਣਾ ਜੋ ਕਿ ਨਸਲੀ ਨਫ਼ਰਤ ਨੂੰ ਭੜਕਾਉਣ ਦੇ ਇਰਾਦੇ/ਸੰਭਾਵਨਾ ਨਾਲ ਧਮਕੀ ਭਰੇ/ਬਦਜ਼ੁਬਾਨੀ ਵਾਲੇ/ਅਪਮਾਨਜਨਕ ਹੈ | ਕ੍ਰਾਊਨ ਕੋਰਟ - 7 ਸਾਲਾਂ ਦੀ ਕੈਦ<br>ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਸਿਰਫ ਅਟਾਰਨੀ ਜਨਰਲ ਦੀ ਸਹਿਮਤੀ ਨਾਲ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਵਿਸ਼ੇਸ਼ੱਗ ਪ੍ਰੋਸੀਕਿਊਟਰ ਵੱਲੋਂ ਨਜਿੱਠੇ ਜਾਣ ਲਈ ਸੀ.ਪੀ.ਐਸ. ਦੀ ਕਾਊਂਟਰ ਟੈਰੋਰਿਜ਼ਮ ਡਿਵੀਜ਼ਨ ਦੇ ਹਵਾਲੇ ਕੀਤਾ ਜਾਂਦਾ ਹੈ |

ਨਿਚੋੜ

| ਅਪਰਾਧ | ਵੱਧ ਤੋਂ ਵੱਧ ਸਜਾ | ਟਿੱਪਣੀਆਂ |
|---|---|---|
| s.22 - ਨਸਲੀ ਨਫ਼ਰਤ ਨੂੰ ਭੜਕਾਉਣ ਦੇ ਇਰਾਦੇ/ਸੰਭਾਵਨਾ ਨਾਲ ਕੇਬਲ ਪ੍ਰੋਗਰਾਮ ਸੇਵਾ ਵਿੱਚ ਧਮਕੀ ਭਰੇ/ਬਦਜ਼ੁਬਾਨੀ ਵਾਲੇ/ਅਪਮਾਨਜਨਕ ਦ੍ਰਿਸ਼ਾਤਮਕ ਚਿੱਤਰਾਂ ਜਾਂ ਅਵਾਜ਼ਾਂ ਦੀ ਸ਼ਮੂਲੀਅਤ ਵਾਲੇ ਪ੍ਰੋਗਰਾਮਾਂ ਨੂੰ ਸ਼ਾਮਲ ਕਰਨਾ ਜਾਂ ਪ੍ਰਸਾਰਣ ਕਰਨਾ | ਕ੍ਰਾਊਨ ਕੋਰਟ - 7 ਸਾਲਾਂ ਦੀ ਕੈਦ<br>ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਸਿਰਫ ਅਟਾਰਨੀ ਜਨਰਲ ਦੀ ਸਹਿਮਤੀ ਨਾਲ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਵਿਸ਼ੇਸ਼ੱਗ ਪ੍ਰੋਸੀਕਿਊਟਰ ਵੱਲੋਂ ਨਜਿੱਠੇ ਜਾਣ ਲਈ ਸੀ.ਪੀ.ਐਸ. ਦੀ ਕਾਊਂਟਰ ਟੈਰੋਰਿਜ਼ਮ ਡਿਵੀਜ਼ਨ ਦੇ ਹਵਾਲੇ ਕੀਤਾ ਜਾਂਦਾ ਹੈ |
| s.23 - ਨਸਲੀ ਨਫ਼ਰਤ ਨੂੰ ਭੜਕਾਉਣ ਦੇ ਇਰਾਦੇ/ਸੰਭਾਵਨਾ ਨਾਲ ਨਸਲੀ ਭੜਕਾਹਟ ਵਾਲੀ ਸਮੱਗਰੀ/ਪ੍ਰਦਰਸ਼ਨ ਲਈ ਸਮੱਗਰੀ/ ਪ੍ਰਕਾਸ਼ਨ ਵੰਡ ਨੂੰ ਆਪਣੇ ਕੋਲ ਰੱਖਣਾ | ਕ੍ਰਾਊਨ ਕੋਰਟ - 7 ਸਾਲਾਂ ਦੀ ਕੈਦ<br>ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਸਿਰਫ ਅਟਾਰਨੀ ਜਨਰਲ ਦੀ ਸਹਿਮਤੀ ਨਾਲ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਵਿਸ਼ੇਸ਼ੱਗ ਪ੍ਰੋਸੀਕਿਊਟਰ ਵੱਲੋਂ ਨਜਿੱਠੇ ਜਾਣ ਲਈ ਸੀ.ਪੀ.ਐਸ. ਦੀ ਕਾਊਂਟਰ ਟੈਰੋਰਿਜ਼ਮ ਡਿਵੀਜ਼ਨ ਦੇ ਹਵਾਲੇ ਕੀਤਾ ਜਾਂਦਾ ਹੈ |

## 3. ਧਾਰਮਿਕ ਨਫ਼ਰਤ ਲਈ ਉਕਸਾਹਟ- ਸੈਕਸ਼ਨ **29B-29G** ਪਬਲਿਕ ਆਰਡਰ ਐਕਟ 1986

| ਅਪਰਾਧ | ਵੱਧ ਤੋਂ ਵੱਧ ਸਜਾ | ਟਿੱਪਣੀਆਂ |
|---|---|---|
| s.29B – ਧਾਰਮਿਕ ਨਫ਼ਰਤ ਨੂੰ ਭੜਕਾਉਣ ਦੇ ਇਰਾਦੇ ਨਾਲ ਸ਼ਬਦਾਂ ਦਾ ਇਸਤੇਮਾਲ ਜਾਂ ਵਿਹਾਰ/ਲਿਖ਼ਤੀ ਸਮੱਗਰੀ ਦਾ ਪ੍ਰਦਰਸ਼ਨ | ਕ੍ਰਾਊਨ ਕੋਰਟ - 7 ਸਾਲਾਂ ਦੀ ਕੈਦ<br>ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਸਿਰਫ ਅਟਾਰਨੀ ਜਨਰਲ ਦੀ ਸਹਿਮਤੀ ਨਾਲ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਵਸ਼ੇਸ਼ੱਗ ਪ੍ਰੋਸੀਕਿਊਟਰ ਵੱਲੋਂ ਨਜਿੱਠੇ ਜਾਣ ਲਈ ਸੀ.ਪੀ.ਐਸ. ਦੀ ਕਾਊਂਟਰ ਟੈਰੋਰਿਜ਼ਮ ਡਿਵੀਜ਼ਨ ਦੇ ਹਵਾਲੇ ਕੀਤਾ ਜਾਂਦਾ ਹੈ |
| s.29C - ਧਾਰਮਿਕ ਨਫ਼ਰਤ ਨੂੰ ਭੜਕਾਉਣ ਦੇ ਇਰਾਦੇ ਨਾਲ ਲਿਖ਼ਤੀ ਸਮੱਗਰੀ ਦਾ ਪ੍ਰਕਾਸ਼ਨ ਕਰਨਾ ਜਾਂ ਵੰਡਣਾ | ਕ੍ਰਾਊਨ ਕੋਰਟ - 7 ਸਾਲਾਂ ਦੀ ਕੈਦ<br>ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਸਿਰਫ ਅਟਾਰਨੀ ਜਨਰਲ ਦੀ ਸਹਿਮਤੀ ਨਾਲ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਵਿਸ਼ੇਸ਼ੱਗ ਪ੍ਰੋਸੀਕਿਊਟਰ ਵੱਲੋਂ ਨਜਿੱਠੇ ਜਾਣ ਲਈ ਸੀ.ਪੀ.ਐਸ. ਦੀ ਕਾਊਂਟਰ ਟੈਰੋਰਿਜ਼ਮ ਡਿਵੀਜ਼ਨ ਦੇ ਹਵਾਲੇ ਕੀਤਾ ਜਾਂਦਾ ਹੈ |
| s.29D – ਧਾਰਮਿਕ ਨਫ਼ਰਤ ਨੂੰ ਭੜਕਾਉਣ ਦੇ ਇਰਾਦੇ ਨਾਲ ਨਾਟਕ ਦੀ ਜਨਤਕ ਪੇਸ਼ਕਾਰੀ | ਕ੍ਰਾਊਨ ਕੋਰਟ - 7 ਸਾਲਾਂ ਦੀ ਕੈਦ<br>ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਸਿਰਫ ਅਟਾਰਨੀ ਜਨਰਲ ਦੀ ਸਹਿਮਤੀ ਨਾਲ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਵਿਸ਼ੇਸ਼ੱਗ ਪ੍ਰੋਸੀਕਿਊਟਰ ਵੱਲੋਂ ਨਜਿੱਠੇ ਜਾਣ ਲਈ ਸੀ.ਪੀ.ਐਸ. ਦੀ ਕਾਊਂਟਰ ਟੈਰੋਰਿਜ਼ਮ ਡਿਵੀਜ਼ਨ ਦੇ ਹਵਾਲੇ ਕੀਤਾ ਜਾਂਦਾ ਹੈ |
| s.29E – ਧਾਰਮਿਕ ਨਫ਼ਰਤ ਨੂੰ ਭੜਕਾਉਣ ਦੇ ਇਰਾਦੇ ਨਾਲ ਕਿਸੇ ਰਿਕਾਰਡਿੰਗ ਨੂੰ ਵੰਡਣਾ/ ਦਿਖਾਉਣਾ/ਵਜਾਉਣਾ | ਕ੍ਰਾਊਨ ਕੋਰਟ - 7 ਸਾਲਾਂ ਦੀ ਕੈਦ<br>ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਸਿਰਫ ਅਟਾਰਨੀ ਜਨਰਲ ਦੀ ਸਹਿਮਤੀ ਨਾਲ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਵਿਸ਼ੇਸ਼ੱਗ ਪ੍ਰੋਸੀਕਿਊਟਰ ਵੱਲੋਂ ਨਜਿੱਠੇ ਜਾਣ ਲਈ ਸੀ.ਪੀ.ਐਸ. ਦੀ ਕਾਊਂਟਰ ਟੈਰੋਰਿਜ਼ਮ ਡਿਵੀਜ਼ਨ ਦੇ ਹਵਾਲੇ ਕੀਤਾ ਜਾਂਦਾ ਹੈ |
| s.29F – ਧਾਰਮਿਕ ਨਫ਼ਰਤ ਨੂੰ ਭੜਕਾਉਣ ਦੇ ਇਰਾਦੇ ਨਾਲ ਪ੍ਰੋਗਰਾਮ ਸੇਵਾ ਵਿੱਚ ਕਿਸੇ ਪ੍ਰੋਗਰਾਮ ਦਾ ਪ੍ਰਸਾਰਣ/ਸ਼ਮੂਲੀਅਤ | ਕ੍ਰਾਊਨ ਕੋਰਟ - 7 ਸਾਲਾਂ ਦੀ ਕੈਦ<br>ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਸਿਰਫ ਅਟਾਰਨੀ ਜਨਰਲ ਦੀ ਸਹਿਮਤੀ ਨਾਲ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਵਿਸ਼ੇਸ਼ੱਗ ਪ੍ਰੋਸੀਕਿਊਟਰ ਵੱਲੋਂ ਨਜਿੱਠੇ ਜਾਣ ਲਈ ਸੀ.ਪੀ.ਐਸ. ਦੀ ਕਾਊਂਟਰ ਟੈਰੋਰਿਜ਼ਮ ਡਿਵੀਜ਼ਨ ਦੇ ਹਵਾਲੇ ਕੀਤਾ ਜਾਂਦਾ ਹੈ |
| s.29G – ਧਾਰਮਿਕ ਨਫ਼ਰਤ ਨੂੰ ਭੜਕਾਉਣ ਦੇ ਇਰਾਦੇ ਨਾਲ ਭੜਕਾਊ ਸਮੱਗਰੀ ਨੂੰ ਕੋਲ ਰੱਖਣਾ | ਕ੍ਰਾਊਨ ਕੋਰਟ - 7 ਸਾਲਾਂ ਦੀ ਕੈਦ<br>ਮੈਜਿਸਟ੍ਰੇਟ ਦੀ ਅਦਾਲਤ - 6 ਮਹੀਨੇ | ਸਿਰਫ ਅਟਾਰਨੀ ਜਨਰਲ ਦੀ ਸਹਿਮਤੀ ਨਾਲ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਵਿਸ਼ੇਸ਼ੱਗ ਪ੍ਰੋਸੀਕਿਊਟਰ ਵੱਲੋਂ ਨਜਿੱਠੇ ਜਾਣ ਲਈ ਸੀ.ਪੀ.ਐਸ. ਦੀ ਕਾਊਂਟਰ ਟੈਰੋਰਿਜ਼ਮ ਡਿਵੀਜ਼ਨ ਦੇ ਹਵਾਲੇ ਕੀਤਾ ਜਾਂਦਾ ਹੈ |

## 4. ਫੁੱਟਬਾਲ ਅਪਰਾਧ **s.3** ਫੁੱਟਬਾਲ ਆਫੈਂਸਿਜ਼ ਐਕਟ 1991 (**s.9** ਫੁੱਟਬਾਲ (ਆਫੈਂਸਿਜ਼ ਐਂਡ ਡਿਸਆਰਡਰ) ਐਕਟ 1999 ਰਾਹੀਂ ਸੋਧਿਆ ਗਿਆ)

| ਅਪਰਾਧ | ਵੱਧ ਤੋਂ ਵੱਧ ਸਜਾ | ਟਿੱਪਣੀਆਂ |
|---|---|---|
| ਕਿਸੇ ਨਿਯਤ ਫੁੱਟਬਾਲ ਮੈਚ ਵਿੱਚ ਅਭੱਦਰ/ਨਸਲਵਾਦੀ ਫਿਕਰੇਬਾਜ਼ੀ ਦੇ ਉਚਾਰਣ ਵਿੱਚ ਸ਼ਾਮਲ ਹੋਣਾ ਜਾਂ ਹਿੱਸਾ ਲੈਣਾ | ਲੈਵਲ 3 ਤਕ ਦਾ ਜੁਰਮਾਨਾ | ਅਦਾਲਤ ਕਿਸੇ ਹੋਰ ਸਜ਼ਾ ਦੇ ਨਾਲ ਫੁੱਟਬਾਲ ਪਾਬੰਦੀ ਦਾ ਹੁਕਮ ਸੁਣਾ ਸਕਦੀ ਹੈ। ਪਾਬੰਦੀ ਦੇ ਹੁਕਮਾਂ ਦੀ ਉਲੰਘਣਾ ਲਈ 6 ਮਹੀਨੇ ਤਕ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।<br>ਇਹ ਧਾਰਮਿਕ ਫਿਕਰੇਬਾਜ਼ੀ ਦੇ ਉਚਾਰਣ 'ਤੇ ਲਾਗੂ ਨਹੀਂ ਹੁੰਦਾ - ਪਰ<br>ਚੰਗੀ ਤਰ੍ਹਾਂ ਨੋਟ ਕਰੋ - ਹੋਰ ਅਪਰਾਧ (ਜਿਵੇਂ ਕਿ ਨਸਲੀ/ਧਾਰਮਿਕ ਪ੍ਰਚੰਡਤਾ ਵਾਲੇ ਜਨਤਕ ਵਿਵਸਥਾ ਦੇ ਅਪਰਾਧ ਜਾਂ ਹਮਲੇ) ਵਧੇਰੇ ਢੁਕਵੇਂ ਹੋ ਸਕਦੇ ਹਨ |

# ਅੰਤਿਕਾ B

## ਪੁਲਿਸ, ਸੀ.ਪੀ.ਐਸ. ਅਤੇ ਅਦਾਲਤਾਂ ਦੀਆਂ ਭੂਮਿਕਾਵਾਂ

| ਪੁਲਿਸ | ਸੀ.ਪੀ.ਐਸ. | ਅਦਾਲਤਾਂ |
|---|---|---|
| ਰਿਪੋਰਟ ਲੈਂਦੀ ਹੈ<br><br>ਸ਼ਿਕਾਰ ਹੋਏ ਵਿਅਕਤੀ ਅਤੇ ਗਵਾਹ ਦੇ ਬਿਆਨ ਲੈਂਦੀ ਹੈ<br><br>ਜੁਰਮ ਦੀ ਜਾਂਚ ਕਰਦੀ ਹੈ<br><br>ਸਬੂਤ ਇੱਕਠੇ ਕਰਦੀ ਹੈ<br><br>ਕੇਸ ਦਾ ਸੰਕਲਨ ਕਰਦੀ ਹੈ<br><br>ਸ਼ਿਕਾਰ ਹੋਏ ਵਿਅਕਤੀ ਦਾ ਵਿਅਕਤੀਗਤ ਬਿਆਨ ਲੈਣ ਲਈ ਪੇਸ਼ਕਸ਼ ਕਰਦੀ ਹੈ<br><br>ਦੋਸ਼ੀ ਨੂੰ ਗ੍ਰਿਫ਼ਤਾਰ ਕਰਦੀ ਹੈ<br><br>ਦੋਸ਼ ਬਾਰੇ ਫੈਸਲਾ ਕਰਨ ਲਈ ਸੀ.ਪੀ.ਐਸ. ਦੇ ਹਵਾਲੇ ਕਰਦੀ ਹੈ (ਬਹੁਤ ਛੋਟੇ ਕੇਸਾਂ ਨੂੰ ਛੱਡ ਕੇ ਬਾਕੀਆਂ ਵਿੱਚ)<br><br>ਮੁਕੱਦਮੇ ਦੀ ਕਾਰਵਾਈ ਦੀ ਫਾਈਲ ਸੀ.ਪੀ.ਐਸ. ਕੋਲ ਭੇਜਦੀ ਹੈ<br><br>ਸ਼ਿਕਾਰ ਹੋਏ ਵਿਅਕਤੀਆਂ ਨੂੰ ਵਿਕਟਿਮ ਸਪੋਰਟ ਕੋਲ ਭੇਜੇ ਜਾਣ ਦੀ ਚੋਣ ਬਾਰੇ ਪੇਸ਼ਕਸ਼ ਕਰਦੀ ਹੈ<br><br>ਸ਼ਿਕਾਰ ਹੋਏ ਵਿਅਕਤੀ ਨੂੰ ਕੇਸ ਦੀ ਤਰੱਕੀ ਬਾਰੇ ਸੂਚਿਤ ਰੱਖਦੀ ਹੈ | ਦੋਸ਼ ਆਇਦ ਕਰਨ ਤੋਂ ਪਹਿਲਾਂ ਸਬੂਤ ਬਾਰੇ ਪੁਲਿਸ ਨੂੰ ਸਲਾਹ ਦਿੰਦੀ ਹੈ<br><br>ਫਾਈਲ ਦੀ ਪੜਚੋਲ ਕਰਦੀ ਹੈ<br><br>ਇਹ ਫੈਸਲਾ ਕਰਦੀ ਹੈ ਕਿ, ਕੀ ਸ਼ੱਕੀ ਵਿਅਕਤੀ 'ਤੇ ਦੋਸ਼ ਆਇਦ ਕੀਤੇ ਜਾਣ, ਅਤੇ ਜੇ ਹਾਂ, ਤਾਂ ਇਹ ਫੈਸਲਾ ਕਰਦੀ ਹੈ ਕਿ ਕਿਹੜੇ ਦੋਸ਼ ਆਇਦ ਹੋਣੇ ਚਾਹੀਦੇ ਹਨ।<br><br>ਸਬੂਤਾਂ ਦਾ ਮੁਲਾਂਕਣ ਕਰਦੀ ਹੈ<br><br>ਜਿੱਥੇ ਸਬੂਤਾਂ ਦੀ ਘਾਟ ਹੁੰਦੀ ਹੈ ਉੱਥੇ ਪੁਲਿਸ ਨੂੰ ਸੁਝਾਅ ਦਿੰਦੀ ਹੈ।<br><br>ਜੇ ਹਾਲਾਤ ਬਦਲ ਜਾਂਦੇ ਹਨ ਤਾਂ ਇਹ ਫੈਸਲਾ ਕਰਦੀ ਹੈ ਕਿ ਕੀ ਦੋਸ਼ ਬਦਲ ਦਿੱਤੇ ਜਾਣੇ ਚਾਹੀਦੇ ਹਨ ਜਾਂ ਵਾਪਸ ਲੈ ਲਏ ਜਾਣੇ ਚਾਹੀਦੇ ਹਨ<br><br>ਅਦਾਲਤਾਂ ਲਈ ਕੇਸ ਤਿਆਰ ਕਰਦੀ ਹੈ<br><br>ਮੈਜਿਸਟ੍ਰੇਟ ਜਾਂ ਕ੍ਰਾਊਨ ਕੋਰਟ ਵਿੱਚ ਕੇਸ ਪੇਸ਼ ਕਰਦੀ ਹੈ | **ਯੂਥ ਕੋਰਟ**<br>17 ਸਾਲ ਤਕ ਦੇ ਨੌਜਵਾਨ ਲੋਕਾਂ ਨਾਲ ਨਜਿੱਠਦੀ ਹੈ<br><br>**ਮੈਜਿਸਟ੍ਰੇਟ ਦੀ ਅਦਾਲਤ**<br>ਜ਼ਿਆਦਾਤਰ ਫੌਜਦਾਰੀ ਕੇਸਾਂ ਨਾਲ ਨਜਿੱਠਦੀ ਹੈ ਅਤੇ ਉਹ ਅਦਾਲਤ ਹੈ ਜੋ ਸਾਰੇ ਕੇਸਾਂ ਵਿੱਚ ਜ਼ਮਾਨਤ ਬਾਰੇ ਸ਼ੁਰੂਆਤੀ ਫੈਸਲੇ ਲੈਂਦੀ ਹੈ।<br><br>**ਕ੍ਰਾਊਨ ਕੋਰਟ**<br>ਸਭ ਤੋਂ ਗੰਭੀਰ ਕੇਸਾਂ, ਮਿਸਾਲ ਦੇ ਤੌਰ 'ਤੇ ਕਤਲ, ਬਲਾਤਕਾਰ ਆਦਿ, ਅਤੇ ਘੱਟ ਗੰਭੀਰ ਕੇਸਾਂ ਵਿੱਚ ਜਿੱਥੇ ਦੋਸ਼ੀ ਜਿਊਰੀ ਦੁਆਰਾ ਮੁਕੱਦਮਾ ਚਲਾਏ ਜਾਣ ਦੇ ਹੱਕ ਦਾ ਦਾਅਵਾ ਕਰਦਾ ਹੈ। ਇਹ ਮੈਜਿਸਟ੍ਰੇਟ ਦੀ ਅਦਾਲਤ ਤੋਂ ਸਜ਼ਾ ਆਈਆਂ ਅਪੀਲਾਂ ਅਤੇ ਹਵਾਲਿਆਂ ਨਾਲ ਵੀ ਨਜਿੱਠਦੀ ਹੈ। |

ਵਿਕਟਿਮ ਸਪੋਰਟ (ਗਵਾਹ ਸਮਰਥਨ), ਵਿਟਨੈਸ ਸਰਵਿਸ (ਗਵਾਹ ਸੇਵਾ) ਅਤੇ ਦੂਸਰੇ ਵਿਸ਼ੇਸ਼ੱਗ ਸੰਗਠਨ

# ਅੰਤਿਕਾ C

## ਜ਼ਮਾਨਤ

ਅਦਾਲਤ ਸ਼ਰਤ ਸਹਿਤ ਜਾਂ ਬਗੈਰ ਸ਼ਰਤ ਦੇ ਪ੍ਰਤੀਵਾਦੀ ਨੂੰ ਹਿਰਾਸਤੀ ਰਿਮਾਂਡ 'ਤੇ ਭੇਜ ਸਕਦੀ ਹੈ, ਜਾਂ ਜ਼ਮਾਨਤ 'ਤੇ ਛੱਡ ਸਕਦੀ ਹੈ। ਅਦਾਲਤ ਦੀ ਪਹਿਲੀ ਸੁਣਵਾਈ ਤੋਂ ਪਹਿਲਾਂ ਪੁਲਿਸ ਵੀ ਪ੍ਰਤੀਵਾਦੀ ਨੂੰ, ਸ਼ਰਤ ਸਹਿਤ ਅਤੇ ਬਿਨਾਂ ਕੋਈ ਸ਼ਰਤ ਲਾਇਆਂ, ਹਿਰਾਸਤ ਵਿੱਚ ਰੱਖ ਸਕਦੀ ਹੈ ਜਾਂ ਜ਼ਮਾਨਤ 'ਤੇ ਛੱਡ ਸਕਦੀ ਹੈ, ਪਰ ਪੁਲਿਸ ਦੇ ਅਧਿਕਾਰ ਅਦਾਲਤ ਦੇ ਅਧਿਕਾਰ ਨਾਲੋਂ ਬਹੁਤ ਸੀਮਤ ਹਨ।

ਸ਼ਰਤਾਂ ਸਿਰਫ ਇਹ ਯਕੀਨੀ ਬਣਾਉਣ ਲਈ ਲਗਾਈਆਂ ਜਾਂਦੀਆਂ ਹਨ ਤਾਂ ਕਿ ਪ੍ਰਤੀਵਾਦੀ ਅਦਾਲਤ ਦੀ ਅਗਲੀ ਸੁਣਵਾਈ ਵਿੱਚ ਹਾਜ਼ਰ ਹੋਵੇ, ਇਸ ਸਮੇਂ ਦੌਰਾਨ ਕੋਈ ਹੋਰ ਅਪਰਾਧ ਨਾ ਕਰੇ ਅਤੇ ਗਵਾਹਾਂ ਲਈ ਕੋਈ ਅੜਿਕਾ ਜਾਂ ਨਿਆਂ ਦੀ ਪ੍ਰਕਿਰਿਆ ਵਿੱਚ ਕੋਈ ਰੁਕਾਵਟ ਨਾ ਖੜ੍ਹੀ ਕਰੇ।

## ਅਦਾਲਤ ਵੱਲੋਂ ਲਗਾਈਆਂ ਜਾਂਦੀਆਂ ਜ਼ਮਾਨਤ ਦੀਆਂ ਸ਼ਰਤਾਂ ਦੀਆਂ ਮਿਸਾਲਾਂ

ਅਦਾਲਤ ਅਜਿਹੀ ਕੋਈ ਵੀ ਸ਼ਰਤ ਲਗਾ ਸਕਦੀ ਹੈ ਜੋ ਕਿਸੇ ਖਾਸ ਕੇਸ ਦੇ ਹਾਲਾਤ ਵਿੱਚ ਢੁਕਵੀਂ ਜਾਪਦੀ ਹੈ। ਇੱਥੇ ਅਦਾਲਤ ਵੱਲੋਂ ਲਗਾਈਆਂ ਗਈਆਂ ਕੁਝ ਖਾਸ ਜ਼ਮਾਨਤੀ ਸ਼ਰਤਾਂ ਦੀਆਂ ਕੁਝ ਮਿਸਾਲਾਂ ਦਿੱਤੀਆਂ ਗਈਆਂ ਹਨ:

- *ਪ੍ਰਤੀਵਾਦੀ ਨੂੰ ਲਾਜ਼ਮੀ ਤੌਰ 'ਤੇ ਦੱਸੇ ਗਏ ਨਾਂ ਵਾਲੇ ਵਿਅਕਤੀ ਜਾਂ ਵਿਅਕਤੀਆਂ ਨਾਲ ਸਿੱਧੇ ਜਾਂ ਅਸਿੱਧੇ ਢੰਗ ਨਾਲ ਸੰਪਰਕ ਨਹੀਂ ਕਰਨਾ ਚਾਹੀਦਾ।*
  ਇਸ ਦਾ ਅਰਥ ਹੈ ਕਿ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਸੰਪਰਕ ਨਹੀ, ਜਿਸ ਵਿੱਚ ਟੈਲੀਫੋਨ, ਫ਼ੈਕਸ, ਈ-ਮੇਲ, ਟੈਕਸਟ ਸੰਦੇਸ਼ ਜਾਂ ਪੱਤਰ ਜਾਂ ਕਿਸੇ ਹੋਰ ਵਿਅਕਤੀ ਰਾਹੀਂ ਸੰਪਰਕ ਸ਼ਾਮਲ ਹੈ, ਮਿਸਾਲ ਦੇ ਤੌਰ 'ਤੇ ਪ੍ਰਤੀਵਾਦੀ ਆਪਣੀ ਤਰਫੋਂ ਸੰਪਰਕ ਬਣਾਉਣ ਲਈ ਆਪਣੇ ਕਿਸੇ ਰਿਸ਼ਤੇਦਾਰ ਦੀ ਸਹਾਇਤਾ ਨਹੀਂ ਲੈ ਸਕਦਾ।

- *ਪ੍ਰਤੀਵਾਦੀ ਨੂੰ ਲਾਜ਼ਮੀ ਤੌਰ 'ਤੇ ਦੱਸੀ ਗਈ ਜਗ੍ਹਾਂ 'ਤੇ ਨਹੀਂ ਜਾਣਾ ਚਾਹੀਦਾ।*
  ਆਮ ਤੌਰ 'ਤੇ ਇਹ ਇੱਕ ਖਾਸ ਪਤਾ ਹੁੰਦਾ ਹੈ, ਪਰ ਇਹ ਇੱਕ ਗਲੀ, ਇੱਕ ਸ਼ਹਿਰ, ਇੱਕ ਇਲਾਕਾ ਜਾਂ ਸਮੁੱਚੀ ਕਾਊਂਟੀ ਵੀ ਹੋ ਸਕਦੀ ਹੈ। ਕਈ ਵਾਰੀ ਅਦਾਲਤ ਇਹ ਕਹੇਗੀ ਕਿ ਪ੍ਰਤੀਵਾਦੀ ਨੂੰ ਲਾਜ਼ਮੀ ਤੌਰ 'ਤੇ ਜਗ੍ਹਾ ਦੇ ਇੱਕ ਖਾਸ ਫਾਸਲੇ ਅੰਦਰ ਨਹੀਂ ਜਾਣਾ ਚਾਹੀਦਾ ਮਿਸਾਲ ਦੇ ਤੌਰ 'ਤੇ ਸ਼ਿਕਾਰ ਹੋਏ ਵਿਅਕਤੀ ਦੇ ਘਰੇਲੂ ਪਤੇ ਦੇ ਅੱਧੇ ਮੀਲ ਦੇ ਘੇਰੇ ਦੇ ਅੰਦਰ ਤਕ।

- *ਪ੍ਰਤੀਵਾਦੀ ਨੂੰ ਲਾਜ਼ਮੀ ਤੌਰ 'ਤੇ ਦਿੱਤੇ ਗਏ ਪਤੇ 'ਤੇ ਰਹਿਣਾ ਚਾਹੀਦਾ ਹੈ।*
  ਇਸ ਦਾ ਮਤਲਬ ਹੈ ਕਿ ਲਾਜ਼ਮੀ ਤੌਰ 'ਤੇ ਉੱਥੇ ਰਹਿਣਾ ਅਤੇ ਹਰੇਕ ਰਾਤ ਉੱਥੇ ਸੌਣਾ ਚਾਹੀਦਾ ਹੈ।

- *ਦਿੱਤੇ ਗਏ ਪਤੇ 'ਤੇ ਰਹਿੰਦਿਆਂ ਬੇਨਤੀ ਕਰਨ 'ਤੇ ਪ੍ਰਤੀਵਾਦੀ ਨੂੰ ਲਾਜ਼ਮੀ ਤੌਰ 'ਤੇ ਆਪਣੇ ਆਪ ਨੂੰ ਪੁਲਿਸ ਅਧਿਕਾਰੀ ਅੱਗੇ ਪੇਸ਼ ਕਰਨਾ ਚਾਹੀਦਾ ਹੈ।*
  ਇਹ ਆਮ ਤੌਰ 'ਤੇ ''ਡੋਰਸਟੈੱਪ ਕੰਡੀਸ਼ਨ'' (ਦਰਵਾਜ਼ੇ ਦੀ ਸ਼ਰਤ) ਦੇ ਤੌਰ 'ਤੇ ਜਾਣੀ ਜਾਂਦੀ ਹੈ, ਇਸ ਨਾਲ ਪੁਲਿਸ ਇਹ ਜਾਂਚ ਕਰ ਸਕਦੀ ਹੈ ਕਿ ਵਿਅਕਤੀ ਉਸੇ ਪਤੇ 'ਤੇ ਰਹਿ ਰਿਹਾ ਹੈ ਜਿਸ ਬਾਰੇ ਅਦਾਲਤ ਨੇ ਜ਼ਮਾਨਤ ਦੀ ਸ਼ਰਤ ਵਿੱਚ ਸਪਸ਼ਟ ਕੀਤਾ ਹੈ, ਜਾਂ ਉਹ ਕਰਫਿਊ ਦੀ ਸ਼ਰਤ ਦੀ ਪਾਲਣਾ ਕਰ ਰਿਹਾ ਹੈ।

- *ਪ੍ਰਤੀਵਾਦੀ ਨੂੰ ਲਾਜ਼ਮੀ ਤੌਰ 'ਤੇ ਦਿੱਤੇ ਗਏ ਦਿਨ ਜਾਂ ਦਿਨਾਂ 'ਤੇ ਦਿੱਤੇ ਗਏ ਸਮੇਂ 'ਤੇ ਦੱਸੇ ਗਏ ਪੁਲਿਸ ਸਟੇਸ਼ਨ 'ਤੇ ਹਾਜ਼ਰੀ ਭਰਨੀ ਚਾਹੀਦੀ ਹੈ।*
  ਮਿਸਾਲ ਦੇ ਤੌਰ 'ਤੇ ਹਰੇਕ ਵੀਕਡੇਅ ਨੂੰ ਸਵੇਰੇ 8.30 ਵਜੇ।

- *ਪ੍ਰਤੀਵਾਦੀ ਨੂੰ ਲਾਜ਼ਮੀ ਤੌਰ 'ਤੇ ਕੁਝ ਖਾਸ ਘੰਟਿਆਂ ਦਰਮਿਆਨ ਕਰਫਿਊ ਦੀ ਪਾਲਣਾ ਕਰਨੀ ਚਾਹੀਦੀ ਹੈ।*
  ਇਸ ਦਾ ਮਤਲਬ ਹੈ ਕਿ ਘਰ ਦੇ ਅੰਦਰ ਰਹਿਣਾ, ਮਿਸਾਲ ਦੇ ਤੌਰ 'ਤੇ ਰਾਤ 9 ਵਜੇ ਤੋਂ ਸਵੇਰੇ 8 ਵਜੇ ਤਕ।

- *ਪ੍ਰਤੀਵਾਦੀ ਨੂੰ ਲਾਜ਼ਮੀ ਤੌਰ 'ਤੇ ਅਦਾਲਤ ਨੂੰ ਜ਼ਮਾਨਤ ਦੀ ਰਕਮ ਮੁਹੱਈਆ ਕਰਵਾਉਣੀ ਚਾਹੀਦੀ ਹੈ।*
  ਜੇ ਇਹ ਸੋਚਿਆ ਜਾਂਦਾ ਹੈ ਕਿ ਪ੍ਰਤੀਵਾਦੀ ਸ਼ਾਇਦ ਅਦਾਲਤ ਦੀ ਅਗਲੀ ਕਾਰਵਾਈ ਵਿੱਚ ਹਾਜ਼ਰ ਨਾ ਹੋ ਸਕੇ ਤਾਂ ਅਦਾਲਤ ਇਹ ਹੁਕਮ ਦੇ ਸਕਦੀ ਹੈ ਕਿ ਇਕ ਨਿਰਧਾਰਤ ਰਕਮ ਅਦਾਲਤ ਵਿੱਚ ਅਦਾ ਕੀਤੀ ਜਾਵੇ। ਜੇ ਪ੍ਰਤੀਵਾਦੀ ਅਗਲੀ ਸੁਣਵਾਈ ਵਿੱਚ ਹਾਜ਼ਰ ਹੋਣ ਤੋਂ ਨਾਕਾਮ ਹੁੰਦਾ ਹੈ ਤਾਂ ਪੈਸੇ ਜ਼ਬਤ ਕੀਤੇ ਜਾ ਸਕਦੇ ਹਨ।

- *ਪ੍ਰਤੀਵਾਦੀ ਨੂੰ ਲਾਜ਼ਮੀ ਤੌਰ 'ਤੇ ਮੁਚੱਲਕਾ ਮੁਹੱਈਆ ਕਰਵਾਉਣਾ ਚਾਹੀਦਾ ਹੈ।*
  ਕਿਸੇ ਦੋਸਤ ਜਾਂ ਰਿਸ਼ਤੇਦਾਰ ਨੂੰ ਇਹ ਯਕੀਨੀ ਬਣਾਉਣ ਲਈ ਲਾਜ਼ਮੀ ਤੌਰ 'ਤੇ ਸਹਿਮਤੀ ਦੇਣੀ ਚਾਹੀਦੀ ਹੈ ਕਿ ਪ੍ਰਤੀਵਾਦੀ ਅਦਾਲਤ ਵਿੱਚ ਹਾਜ਼ਰ ਹੋਵੇਗਾ, ਨਹੀਂ ਤਾਂ ਦੋਸਤ ਜਾਂ ਰਿਸ਼ਤੇਦਾਰ ਨਿਸ਼ਚਿਤ ਰਕਮ ਗੁਆ ਸਕਦਾ ਹੈ।

ਕਈ ਵਾਰੀ, ਵਿਹਾਰਕ ਕਾਰਨਾਂ ਕਰਕੇ, ਸ਼ਰਤਾਂ ਨਾਲ ਕੁਝ ਛੋਟਾਂ ਵੀ ਜੁੜੀਆਂ ਹੋ ਸਕਦੀਆਂ ਹਨ। ਮਿਸਾਲ ਦੇ ਲਈ:

- *ਪ੍ਰਤੀਵਾਦੀ ਨੂੰ ਲਾਜ਼ਮੀ ਤੌਰ 'ਤੇ ਦੱਸੀ ਗਈ ਜਗ੍ਹਾ 'ਤੇ ਨਹੀਂ ਜਾਣਾ ਚਾਹੀਦਾ ਸਿਵਾਏ: :*
  – ਅਦਾਲਤ ਵਿੱਚ ਹਾਜ਼ਰ ਹੋਣ ਲਈ;
  – ਪਹਿਲਾਂ ਤੋਂ ਲਈ ਅਪਵਾਇੰਟਮੈਂਟ ਦੁਆਰਾ ਆਪਣੇ ਸੋਲਿਸਿਟਰ ਨੂੰ ਮਿਲਣ ਲਈ;
  – ਕਿਸੇ ਨਿਰਧਾਰਤ ਸਮੇਂ 'ਤੇ ਆਪਣਾ ਸਮਾਨ ਇੱਕਠਾ ਕਰਨ ਲਈ ਕਿਸੇ ਪੁਲਿਸ ਅਧਿਕਾਰੀ ਦੇ ਨਾਲ;
  – ਖਾਸ ਸਮੇਂ 'ਤੇ ਨਿਗਰਾਨੀ ਤਹਿਤ ਬੱਚਿਆਂ ਨੂੰ ਮਿਲਣ ਲਈ।

## ਜ਼ਮਾਨਤ ਦੀਆਂ ਸ਼ਰਤਾਂ ਦੀ ਉਲੰਘਣਾ ਕਰਨਾ

ਜੇ ਪ੍ਰਤੀਵਾਦੀ ਜ਼ਮਾਨਤ ਦੀਆਂ ਸ਼ਰਤਾਂ ਦੀ ਉਲੰਘਣਾ ਕਰਦਾ ਹੈ, ਤਾਂ ਪੁਲਿਸ ਪ੍ਰਤੀਵਾਦੀ ਨੂੰ ਗ੍ਰਿਫ਼ਤਾਰ ਕਰ ਸਕਦੀ ਹੈ ਅਤੇ ਅਦਾਲਤ ਉਸ ਨੂੰ ਹਿਰਾਸਤੀ ਰਿਮਾਂਡ 'ਤੇ ਭੇਜ ਸਕਦੀ ਹੈ।

ਕਈ ਵਾਰੀ, ਪ੍ਰਤੀਵਾਦੀ ਮੰਗ ਕਰ ਸਕਦਾ ਹੈ ਕਿ ਲਗਾਈਆਂ ਗਈਆਂ ਜ਼ਮਾਨਤ ਦੀਆਂ ਸ਼ਰਤਾਂ ਹਟਾ ਦਿੱਤੀਆਂ ਜਾਣ ਜਾਂ ਕਿਸੇ ਵੀ ਤਰੀਕੇ ਨਾਲ ਬਦਲੀਆਂ ਜਾਣ। ਪੁਲਿਸ ਜਾਂ ਅਦਾਲਤ ਨੂੰ ਇਸ ਗੱਲ ਦੀ ਤਸੱਲੀ ਹੋਣੀ ਚਾਹੀਦੀ ਹੈ ਕਿ ਅਜਿਹਾ ਕਰਨ ਲਈ ਬਹੁਤ ਢੁਕਵਾਂ ਕਾਰਨ ਹੈ ਅਤੇ ਇਸ ਗੱਲ 'ਤੇ ਵਿਚਾਰ ਕਰਨਾ ਪਏਗਾ ਕਿ ਪਹਿਲਾਂ ਇਹ ਸ਼ਰਤਾਂ ਕਿਉਂ ਲਗਾਈਆਂ ਗਈਆਂ ਸਨ ਅਤੇ ਪ੍ਰਤੀਵਾਦੀ ਦੇ ਸ਼ਰਤਾਂ ਵਿੱਚ ਤਬਦੀਲੀ ਕਰਨ ਜਾਂ ਹਟਾਉਣ ਦੇ ਕਾਰਨਾਂ ਨਾਲ ਇਸ ਦਾ ਸੰਤੁਲਨ ਬਣਾਉਣਾ ਚਾਹੀਦਾ ਹੈ।

ਪ੍ਰਤੀਵਾਦੀ ਪੁਲਿਸ ਜਾਂ ਅਦਾਲਤ ਵੱਲੋਂ ਲਗਾਈ ਗਈ ਕਿਸੇ ਵੀ ਸ਼ਰਤ ਦੀ ਪਾਲਣਾ ਕਰਨ ਲਈ ਜ਼ਿੰਮੇਵਾਰ ਹੈ ਜਦੋਂ ਤਕ ਕਿ ਪੁਲਿਸ ਜਾਂ ਅਦਾਲਤ ਵੱਲੋਂ ਉਸ ਨੂੰ ਇਹਨਾਂ ਤੋਂ ਮੁਕਤ ਨਹੀਂ ਕਰ ਦਿੱਤਾ ਜਾਂਦਾ।

# ਨਸਲੀ ਜਾਂ ਧਾਰਮਿਕ ਜੁਰਮ ਨੂੰ ਭੁਗਤ ਰਹੇ ਲੋਕਾਂ ਲਈ ਉਪਯੋਗੀ ਜਾਣਕਾਰੀ ਅਤੇ ਸੰਪਰਕ

## ਆਮ ਸੰਗਠਨ

**ਨਿਊਹਾਮ ਮੋਨਿਟਰਿੰਗ ਪ੍ਰੋਜੈਕਟ (NMP)**

NMP 1980 ਤੋਂ ਕੰਮ ਕਰ ਰਿਹਾ ਹੈ। ਇਹ ਪੂਰਬੀ ਲੰਡਨ ਵਿੱਚ ਨਸਲੀ ਤੌਰ 'ਤੇ ਪਰੇਸ਼ਾਨ ਕੀਤੇ ਜਾਣ ਦੇ ਸ਼ਿਕਾਰ ਹੋਏ ਵਿਅਕਤੀਆਂ ਲਈ 24 ਘੰਟਿਆਂ ਦੀ ਐਮਰਜੈਂਸੀ ਸੇਵਾ ਪੇਸ਼ ਕਰਦਾ ਹੈ।

Newham Monitoring Project
The Harold Road Centre
170 Harold Road
Forest Gate
London E13 0SE

ਟੈਲੀਫ਼ੋਨ: 020 8470 8333
ਫ਼ੈਕਸ: 020 8470 8353
www.nmp.org.uk

**ਇਕਵੈਲਿਟੀ ਐਂਡ ਹਿਊਮਨ ਰਾਈਟਸ ਕਮਿਸ਼ਨ (ਸਮਾਨਤਾ ਅਤੇ ਮਨੁੱਖੀ ਹੱਕਾਂ ਬਾਰੇ ਆਯੋਗ)**

1 ਅਕਤੂਬਰ 2007 ਨੂੰ ਸਮਾਨਤਾ ਸੰਬੰਧੀ ਤਿੰਨ ਕਮਿਸ਼ਨ ਮਿਲ ਕੇ ਇੱਕ ਨਵਾਂ ਇਕੁਐਲਟੀ ਐਂਡ ਹਿਊਮਨ ਰਾਈਟਸ ਕਮਿਸ਼ਨ ਬਣ ਗਏ:

- ਕਮਿਸ਼ਨ ਫਾਰ ਰੇਸ਼ੀਅਲ ਇਕਵੈਲਟੀ (ਨਸਲੀ ਸਮਾਨਤਾ ਲਈ ਆਯੋਗ) (CRE)
- ਡਿਸਏਬਿਲਟੀ ਰਾਈਟਸ ਕਮਿਸ਼ਨ (ਅਪਾਹਜਤਾ ਦੇ ਹੱਕਾਂ ਬਾਰੇ ਆਯੋਗ) (DRC)
- ਇਕੂਅਲ ਅਪੋਰਚੁਨਿਟੀ ਕਮਿਸ਼ਨ (ਇਕਸਾਰ ਮੌਕੇ ਮੁਹੱਈਆ ਕਰਵਾਉਣ ਬਾਰੇ ਆਯੋਗ) (EOC)

ਇਹਨਾਂ ਕਮਿਸ਼ਨਾਂ ਦੀਆਂ ਵੈਬਸਾਈਟਾਂ ਵੀ ਨਵੇਂ ਇਕਵੈਲਿਟੀ ਐਂਡ ਹਿਊਮਨ ਰਾਈਟਸ ਕਮਿਸ਼ਨ ਵਿੱਚ ਸ਼ਾਮਲ ਕਰ ਦਿੱਤੀਆਂ ਗਈਆਂ ਹਨ:

www.equalityhumanrights.com

ਨਿਚੋੜ

**ਇਕਵੈਲਿਟੀ ਐਂਡ ਹਿਊਮਨ ਰਾਈਟਸ ਕਮਿਸ਼ਨ ਦਾ ਹੈੱਡ ਆਫ਼ਿਸ – ਇੰਗਲੈਂਡ**
3 More London
Riverside
Tooley Street
London SE1 2RG

ਮੁੱਖ ਸਵਿੱਚ ਬੋਰਡ: 0845 604 6610
ਟੈਕਸਟ ਲਾਈਨ: 0845 604 6620

**ਵੇਲਜ਼ – ਕਾਰਡਿਫ਼**
ਮੁੱਖ ਸਵਿੱਚ ਬੋਰਡ: 0292 0663710
ਮੁੱਖ ਹੈਲਪਲਾਈਨ ਅਤੇ ਸਲਾਹ ਲਾਈਨ: 0845 604 8810
ਟੈਕਸਟ ਲਾਈਨ ਅਤੇ ਦੁਭਾਸ਼ੀ ਲਾਈਨ: 0845 604 8820

**ਸਕੌਟਲੈਂਡ**
ਮੁੱਖ ਸਵਿੱਚ ਬੋਰਡ: 0845 604 6610
ਟੈਕਸਟ ਲਾਈਨ: 0845 604 5520

**ਫੈਡਰੇਸ਼ਨ ਆਫ ਬਲੈਕ ਹਾਊਸਿੰਗ ਆਰਗੇਨਾਈਜ਼ੇਸ਼ਨਜ਼ (ਕਾਲੇ ਲੋਕਾਂ ਦੀਆਂ ਰਿਹਾਇਸ਼ੀ ਸੰਸਥਾਵਾਂ ਦੀ ਫੈਡਰੇਸ਼ਨ) (FBHO)**
FBHO ਕਾਲੇ ਲੋਕਾਂ ਦੀ ਅਗਵਾਈ ਵਾਲੇ ਰਿਹਾਇਸ਼ੀ ਖੇਤਰ ਲਈ ਇੱਕ ਸਰਪ੍ਰਸਤ ਸੰਸਥਾ ਹੈ। FBHO ਰਹਿਣ ਦੇ ਸਥਾਨਾਂ ਵਿੱਚ ਨਸਲਵਾਦ ਦੇ ਖਾਤਮੇ ਲਈ ਕੰਮ ਕਰ ਰਹੀ ਹੈ। ਇਹ ਜਾਣਕਾਰੀ, ਸਲਾਹ, ਸਮਰਥਨ, ਖੋਜ ਅਤੇ ਸਿਖਲਾਈ ਸੇਵਾਵਾਂ ਮੁਹੱਈਆ ਕਰਵਾਉਂਦੀ ਹੈ। ਇਹ ਰਹਿਣ ਦੇ ਸਥਾਨ ਬਾਰੇ ਨੀਤੀ ਬਣਾਉਣ ਵਾਲਿਆਂ, ਸਰਕਾਰ ਅਤੇ ਹਾਊਸਿੰਗ ਦੇ ਵਸੀਲਿਆਂ ਨੂੰ ਨਿਯੰਤ੍ਰਿਤ ਕਰਨ ਵਾਲਿਆਂ ਕੋਲ ਆਪਣੀ ਮੈਂਬਰਸ਼ਿਪ ਦੇ ਹਿਤਾਂ ਲਈ ਪ੍ਰਤੀਨਿਧਤਾ ਕਰਦੀ ਹੈ।

1 King Edwards Road
2nd floor
London E9 7SF

020 8533 053
www.fbho.org.uk

**ਇਮਕਾਨ (IMKAAN)**

ਇਮਕਾਨ ਕੌਮੀ ਨੀਤੀ, ਸਿਖਲਾਈ ਅਤੇ ਖੋਜ ਲਈ ਇੱਕ ਪਹਿਲ ਹੈ, ਜੋ ਵਿਸ਼ੇਸ਼ੱਗ ਪਨਾਹ ਖੇਤਰ ਲਈ ਸਮਰਥਨ ਅਤੇ ਹਮਾਇਤ ਮੁਹੱਈਆ ਕਰਵਾਉਣ ਪ੍ਰਤੀ ਸਮਰਪਿਤ ਹੈ, ਅਤੇ ਹਿੰਸਾ ਦਾ ਸਾਹਮਣਾ ਕਰ ਰਹੇ ਕਾਲੇ ਅਤੇ ਘੱਟ ਗਿਣਤੀ ਮੂਲ ਦੇ ਲੋਕਾਂ ਅਤੇ ਸ਼ਰਨਾਰਥੀ ਔਰਤਾਂ ਅਤੇ ਬੱਚਿਆਂ ਦੀ ਸਹਾਇਤਾ ਕਰਦੀ ਹੈ।

ਇਮਕਾਨ ਹੇਠਾਂ ਲਿਖੇ ਕੰਮ ਕਰਦੀ ਹੈ:

- ਵਿਸ਼ੇਸ਼ੱਗ ਕਾਲੇ ਅਤੇ ਘੱਟ ਗਿਣਤੀ ਸ਼ਰਨਾਰਥੀਆਂ ਲਈ ਸਿਖਲਾਈ ਅਤੇ ਸਮਰੱਥਾ ਵਧਾਉਣ ਲਈ ਸਹਾਇਤਾ ਮੁਹੱਈਆ ਕਰਦੀ ਹੈ
- ਮੁੱਖਧਾਰਾ ਵਾਲੀ ਨੀਤੀ ਅਤੇ ਸੇਵਾਵਾਂ ਦੀ ਯੋਜਨਾ ਬਣਾਉਣ ਵਾਲੇ ਫੋਰਮਾਂ ਅਤੇ ਸਲਾਹ-ਮਸ਼ਵਰੇ ਦੀਆਂ ਪ੍ਰਕਿਰਿਆਵਾਂ ਵਿੱਚ ਯੋਗਦਾਨ ਪਾਉਂਦੀ ਹੈ
- ਸਮੁਦਾਇ ਅਧਾਰਤ ਖੋਜ ਕਰਵਾਉਂਦੀ ਹੈ
- ਕਾਨੂੰਨੀ ਵਕੀਲਾਂ ਲਈ CPD ਸਿਖਲਾਈ ਫੋਰਮ ਮੁਹੱਈਆ ਕਰਵਾਉਂਦੀ ਹੈ।

**IMKAAN,**
Tindlemanor, 4th floor
5254 Featherstone Street
London EC1Y 8RT

020 7250 3933

**ਬਰਤਾਨੀਆ ਵਿੱਚ ਆਇਰਿਸ਼ ਟ੍ਰੈਵਲਰ ਮੂਵਮੈਂਟ (ਆਇਰਿਸ਼ ਯਾਤਰੂਆਂ ਦੀ ਮੁਹਿੰਮ)**

ਆਇਰਿਸ਼ ਟ੍ਰੈਵਲਰ ਮੂਵਮੈਂਟ (ITM) ਦੂਜੇ ਦਰਜੇ ਦੀ ਨੀਤੀ ਅਤੇ 'ਵੋਆਇਸ' ਸੰਸਥਾ ਹੈ ਜਿਸ ਦਾ ਮਕਸਦ ਆਇਰਿਸ਼ ਟ੍ਰੈਵਲਰਜ਼ ਦੀ ਸਮਾਜਿਕ ਸ਼ਮੂਲੀਅਤ ਦੇ ਮੁੱਦੇ ਨੂੰ ਉਠਾਉਣਾ ਅਤੇ ਵਿਤਕਰੇਬਾਜ਼ੀ ਨੂੰ ਚੁਣੌਤੀ ਦੇਣਾ ਹੈ।

The Resource Centre
356 Holloway Road N7 6PA

ਟੈਲੀਫ਼ੋਨ: 020 7607 2002
ਈਮੇਲ: info@irishtraveller.org.uk
www.irishtraveller.org.uk

ਨਿਚੋੜ

**ਨੈਸ਼ਨਲ ਅਸੈਂਬਲੀ ਅਗੇਂਸਟ ਰੇਸਿਜ਼ਮ (ਨਸਲਵਾਦ ਵਿਰੁੱਧ ਕੌਮੀ ਅਸੈਂਬਲੀ)**
ਕਾਲੇ ਲੋਕਾਂ ਦੇ ਭਾਈਚਾਰੇ ਦੀ ਅਗਵਾਈ ਹੇਠ ਇਹ ਸੰਗਠਨਾਂ ਦਾ ਫੋਰਮ ਸ਼ਰਨ, ਅਤੇ ਇਮੀਗ੍ਰੇਸ਼ਨ ਨੀਤੀ, ਨਸਲੀ ਹਿੰਸਾ, ਹਿਰਾਸਤੀ ਮੌਤਾਂ, ਸੰਸਥਾਗਤ ਨਸਲਵਾਦ ਵਿਰੁੱਧ, ਇਸਲਾਮੋਫੋਬੀਆ ਦੇ ਵਿਰੋਧ ਨਾਲ ਜੁੜੇ ਮੁੱਦਿਆਂ ਬਾਰੇ ਮੁਹਿੰਮ ਚਲਾ ਰਿਹਾ ਹੈ। ਅਤੇ ਬਹੁ-ਸੱਭਿਆਚਾਰਵਾਦ ਦੀ ਦਿਸ਼ਾ ਵੱਲ ਕੰਮ ਕਰ ਰਿਹਾ ਹੈ।

28 Commercial Street
London E1 6LS

020 7247 9907
www.naar.org.uk
info@naar.org.uk

ਮੋਨੀਟਰਿੰਗ ਗਰੁੱਪ (ਨਿਗਰਾਨੀ ਕਰਨ ਵਾਲਾ ਸਮੂਹ)
ਨਸਲੀ ਤੌਰ 'ਤੇ ਪਰੇਸ਼ਾਨ ਕੀਤੇ ਜਾਣ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਕਾਨੂੰਨੀ, ਨੈਤਿਕ ਅਤੇ ਵਿਹਾਰਕ ਸਮਰਥਨ ਮੁਹੱਈਆ ਕਰਵਾਉਂਦਾ ਹੈ।

28 Museum Street
London WC1A 1LH

020 7636 6000
ਫ੍ਰੀਫੋਨ ਸੰਕਟਕਾਲੀ ਨੰਬਰ: 0800 374 618
www.monitoringgroup.co.uk
admin@monitoringgroup.co.uk

ਮਿਨ ਕੁਆਨ
ਮਿਨ ਕੁਆਨ ਮੋਨੀਟਰਿੰਗ ਗਰੁੱਪ ਦੀ ਇੱਕ ਸ਼ਾਖਾ ਹੈ ਜੋ ਯੂਕੇ ਵਿੱਚ ਚੀਨੀ ਸਮੁਦਾਇ ਲਈ ਸਮਰਥਨ, ਸਿੱਖਿਆ ਅਤੇ ਵਸੀਲੇ ਮੁਹੱਈਆ ਕਰਵਾਉਂਦੀ ਹੈ। ਖਾਸ ਤੌਰ 'ਤੇ ਮਿਨ ਕੁਆਨ ਇਹਨਾਂ ਕੰਮਾਂ ਲਈ ਸਥਾਪਤ ਕੀਤੀ ਗਈ ਹੈ:

- ਨਸਲੀ ਤੌਰ 'ਤੇ ਪਰੇਸ਼ਾਨ ਕੀਤੇ ਜਾਣ ਤੋਂ ਪੀੜਤ, ਘਰੇਲੂ ਹਿੰਸਾ ਅਤੇ ਪੁਲਿਸ ਸੰਬੰਧਤ ਸਮੱਸਿਆਵਾਂ ਦੇ ਸ਼ਿਕਾਰ ਚੀਨੀ ਲੋਕਾਂ ਲਈ ਕਾਨੂੰਨੀ, ਨੈਤਿਕ ਅਤੇ ਵਿਹਾਰਕ ਸਮਰਥਨ ਮੁਹੱਈਆ ਕਰਵਾਉਣਾ;
- ਇਹਨਾਂ ਮੁੱਦਿਆਂ ਦੇ ਸਬੰਧ ਵਿੱਚ ਸੰਸਥਾਵਾਂ ਅਤੇ ਅਥਾਰਿਟੀਜ਼ ਦੀਆਂ ਪ੍ਰਤਿਕਿਰਿਆਵਾਂ 'ਤੇ ਨਿਗਾਹ ਰੱਖਣੀ;
- ਇਹਨਾਂ ਮੁੱਦਿਆਂ 'ਤੇ ਜਾਣਕਾਰੀ ਅਤੇ ਸਿਖਲਾਈ ਮੁਹੱਈਆ ਕਰਵਾਉਣੀ;
- ਇਹਨਾਂ ਮੁੱਦਿਆਂ ਨੂੰ ਆਮ ਲੋਕਾਂ ਦੇ ਧਿਆਨ ਵਿੱਚ ਲਿਆਉਣ ਲਈ ਹੋਰਨਾਂ ਸੰਸਥਾਵਾਂ ਨਾਲ ਸਮਰਥਨ ਅਤੇ ਨੇੜਤਾ ਨਾਲ ਤਾਲਮੇਲ ਬਣਾਉਣਾ;

- ਜਨਤਕ ਸੇਵਾਵਾਂ ਅਤੇ ਲੇਬਰ ਮਾਰਕਿਟ ਵਿੱਚ ਚੀਨੀ ਸਮੁਦਾਇ ਦਾ ਵਿਸ਼ਵਾਸ ਵਧਾਉਣ ਅਤੇ ਸਮੁਦਾਇਕ ਜੁੜਾਅ ਵਿੱਚ ਸੁਧਾਰ ਲਿਆਉਣ ਲਈ।

Head office
Min Quan
28 Museum Street
London WC1A 1LH

ਟੈਲੀਫ਼ੋਨ 020 7636 6000
ਫ਼ੈਕਸ 020 7631 1193

Min Quan Manchester
1St Floor
61 Mosley Street
Manchester M2 3HZ

ਟੈਲੀਫ਼ੋਨ 0161 247 7982
ਫ਼ੈਕਸ 0161 228 3096

The Monitoring Group
Min Quan Southampton
135 St. Mary Street
Southampton SO14 1NX

ਟੈਲੀਫ਼ੋਨ 023 8071 0138
ਫ਼ੈਕਸ 023 8033 0760

**ਸਾਊਥਹਾਲ ਬਲੈਕ ਸਿਸਟਰਜ਼**
ਘਰੇਲੂ ਅਤੇ ਜਿਣਸੀ ਹਿੰਸਾ (ਜਿਸ ਵਿੱਚ ਜਬਰੀ ਵਿਆਹ ਅਤੇ ਇੱਜ਼ਤ ਲਈ ਕੀਤੇ ਜਾਂਦੇ ਜੁਰਮ ਵੀ ਸ਼ਾਮਲ ਹਨ) ਦਾ ਸਾਹਮਣਾ ਕਰ ਰਹੀਆਂ ਔਰਤਾਂ ਅਤੇ ਬੱਚਿਆਂ ਲਈ ਜਾਣਕਾਰੀ, ਸਲਾਹ, ਹਮਾਇਤ, ਵਿਹਾਰਕ ਮਦਦ, ਕੌਂਸਲਿੰਗ ਅਤੇ ਸਮਰਥਨ ਮੁਹੱਈਆ ਕਰਵਾਉਂਦੀ ਹੈ। ਸਮੁੱਚੀਆਂ ਸੇਵਾਵਾਂ ਦੀ ਵਿਵਸਥਾ ਦਾ ਮਕਸਦ ਹੈ ਸ਼ਿਕਾਰ ਹੋਏ ਲੋਕਾਂ ਦੀ ਹਿੰਸਾ ਅਤੇ ਸ਼ੋਸ਼ਣ ਤੋਂ ਬਚਣ ਵਿੱਚ ਸਹਾਇਤਾ ਕਰਨੀ ਅਤੇ ਇੱਕ-ਦੂਜੇ ਨਾਲ ਜੁੜੀਆਂ ਵਿਆਪਕ ਦਾਇਰੇ ਵਾਲੀਆਂ ਸਮੱਸਿਆਵਾਂ ਨਾਲ ਨਜਿੱਠਣਾ। ਏਸ਼ੀਅਨ ਅਤੇ ਕਾਲੀਆਂ ਔਰਤਾਂ ਨੂੰ ਸਲਾਹ, ਭਾਵਨਾਤਮਕ ਸਮਰਥਨ ਅਤੇ ਮਦਦ ਦੇਣੀ।

Southall Black Sisters
21 Avenue Road
Southall Middlesex UB1 3BL

020 8571 9595
www.southallblacksisters.org.uk
southallblacksisters@btconnect.com

**ਵਿਕਟਮ ਸਪੋਰਟ (ਸ਼ਿਕਾਰ ਹੋਏ ਲੋਕਾਂ ਦੀ ਸਹਾਇਤਾ)**
ਵਿਕਟਮ ਸਪੋਰਟ ਜੁਰਮ ਤੋਂ ਪ੍ਰਭਾਵਿਤ ਲੋਕਾਂ ਲਈ ਇੱਕ ਨੈਸ਼ਨਲ ਚੈਰਿਟੀ ਹੈ। ਸਾਡੇ ਸਵੈ-ਸੇਵਕ, ਆਪਣੇ ਅਨੁਭਵਾਂ ਨਾਲ ਨਜਿੱਠਣ ਵਿੱਚ ਲੋਕਾਂ ਦੀ ਮਦਦ ਕਰਨ ਲਈ ਮੁਫ਼ਤ ਅਤੇ ਗੁਪਤ ਸਹਾਇਤਾ ਮੁਹੱਈਆ ਕਰਵਾਉਂਦੇ ਹਨ, ਭਾਵੇਂ ਉਹ ਜੁਰਮ ਦੀ ਰਿਪੋਰਟ ਕਰਨ ਜਾਂ ਨਹੀਂ। ਵਿਕਟਮ ਸਪੋਰਟ ਵਿਟਨੈਸ ਸਰਵਿਸ ਅਤੇ ਸਪੋਰਟ ਲਾਈਨ ਵੀ ਚਲਾ ਰਹੀ ਹੈ। ਵਿਟਨੈਸ ਸਰਵਿਸ ਗਵਾਹਾਂ, ਸ਼ਿਕਾਰ ਹੋਏ ਲੋਕਾਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਮੁਕੱਦਮੇ ਦੀ ਕਾਰਵਾਈ ਤੋਂ ਪਹਿਲਾਂ, ਕਾਰਵਾਈ ਦੇ ਦੌਰਾਨ ਅਤੇ ਇਸ ਤੋਂ ਬਾਅਦ ਵੀ ਮਦਦ ਕਰਦੀ ਹੈ। ਸਿਖਲਾਈ ਪ੍ਰਾਪਤ ਸਵੈ-ਸੇਵਕ ਅਦਾਲਤੀ ਕਾਰਵਾਈਆਂ, ਅਦਾਲਤ ਤਕ ਦੀ ਫੇਰੀ, ਬਾਰੇ ਵਿਹਾਰਕ ਜਾਣਕਾਰੀ ਅਤੇ ਭਾਵਨਾਤਮਕ ਸਮਰਥਨ ਮੁਹੱਈਆ ਕਰਵਾਉਂਦੇ ਹਨ ਅਤੇ ਸੁਣਵਾਈ ਦੌਰਾਨ ਅਤੇ ਸੁਣਵਾਈ ਤੋਂ ਪਹਿਲਾਂ ਉਡੀਕ ਲਈ ਸ਼ਾਂਤ ਥਾਂ ਮੁਹੱਈਆ ਕਰਵਾਉਂਦੇ ਹਨ।

ਸਪੋਰਟ ਲਾਈਨ ਗੁਪਤ ਅਤੇ ਗੁਮਨਾਮ ਵਿਹਾਰਕ ਮਦਦ ਅਤੇ ਭਾਵਨਾਤਮਕ ਸਹਾਇਤਾ ਮੁਹੱਈਆ ਕਰਵਾ ਸਕਦੀ ਹੈ। 0845 30 30 900
www.victimsupport.org.uk

## ਧਰਮ ਅਧਾਰਤ ਸੰਸਥਾਵਾਂ

ਕਮਿਊਨਟੀ ਸਿਕਿਉਰਿਟੀ ਟ੍ਰਸਟ (ਸਮੁਦਾਇਕ ਸੁਰੱਖਿਆ ਟ੍ਰਸਟ)
ਯਹੂਦੀ ਸਮੁਦਾਇ ਦੇ ਮੈਂਬਰਾਂ ਵਿਰੁੱਧ ਘਟਨਾਵਾਂ ਦਾ ਰਿਕਾਰਡ ਰੱਖਦੀ ਹੈ ਅਤੇ ਜਾਂਚ ਕਰਦੀ ਹੈ। ਜਿੱਥੇ ਢੁਕਵਾਂ ਹੋਵੇ ਅਤੇ ਜਿੱਥੇ ਸ਼ਿਕਾਰ ਹੋਏ ਵਿਅਕਤੀ ਦੀ ਇਜਾਜ਼ਤ ਹੋਵੇ, ਯਹੂਦੀ ਸਲਾਹ ਸੇਵਾਵਾਂ ਕੋਲ ਭੇਜਦੀ ਹੈ।

ਘਟਨਾ ਵਿਭਾਗ 020 8457 9964 ਅਤੇ 020 8457 9999, ਜਾਂ ਔਨਲਾਈਨ
www.thecst.org.uk/incidents ਰਾਹੀਂ

ਫੋਰਮ ਅਗੇਂਸਟ ਇਸਲਾਮੋਫੋਬੀਆ ਐਂਡ ਰੇਸਿਜ਼ਮ (**FAIR**)
FAIR ਇੱਕ ਨਿਰਪੱਖ ਚੈਰਿਟੀ ਸੰਸਥਾ ਹੈ ਜੋ ਇਸਲਾਮੋਫੋਬੀਆ ਬਾਰੇ ਜਾਗਰੂਕਤਾ ਲਿਆਉਣ ਅਤੇ ਸੰਬੰਧਤ ਪੂਰਵ-ਧਾਰਨਾਵਾਂ ਅਤੇ ਕੰਮਕਾਜੀ ਤਰੀਕਿਆਂ ਦਾ ਟਾਕਰਾ ਕਰਨ ਲਈ ਬਣਾਈ ਗਈ ਹੈ।

PO Box 784
Richmond Surrey
TW9 2WH

ਇਸਲਾਮੋਫੋਬਿਕ ਵਿਤਰਕੇਬਾਜ਼ੀ ਦੀ ਘਟਨਾ ਲਈ ਰਿਪੋਰਟ ਕਰਨ ਵਾਸਤੇ FAIR ਨਾਲ ਸੰਪਰਕ ਕਰੋ: 020 8940 0100
www.fairuk.org
fair@fairuk.org

ਜਿਊਇਸ਼ ਵੂਮੈਨਜ਼ ਏਡ (ਯਹੂਦੀ ਔਰਤਾਂ ਦੀ ਮਦਦ)

ਹੈਲਪ ਲਾਈਨ ਉਹਨਾਂ ਯਹੂਦੀ ਔਰਤਾਂ ਲਈ ਮਦਦ, ਸਮਰਥਨ ਅਤੇ ਹਵਾਲਾ ਸੇਵਾਵਾਂ ਪੇਸ਼ ਕਰਦੀ ਹੈ ਜਿਹਨਾਂ ਨਾਲ ਘਰੇਲੂ ਹਿੰਸਾ ਹੋਈ ਹੈ।

ਹੈਲਪਲਾਈਨ: 0800 591 203
ਹੈੱਡ ਆਫ਼ਿਸ: 020 8445 8060
www.jwa.org.uk
info@jwa.org.uk

## ਸਿਆਸੀ ਸ਼ਰਨ ਮੰਗਣ ਵਾਲਿਆਂ ਅਤੇ ਸ਼ਰਨਾਰਥੀਆਂ ਲਈ ਸੰਸਥਾਵਾਂ

**ਜੁਆਇੰਟ ਕਾਉਂਸਿਲ ਫਾਰ ਦਿ ਵੈਲਫੇਅਰ ਆਫ ਇਮੀਗ੍ਰੈਂਟਸ (ਪ੍ਰਵਾਸੀਆਂ ਦੀ ਭਲਾਈ ਲਈ ਸੰਯੁਕਤ ਕਾਉਂਸਿਲ) (JCWI)**

JCWI ਇੱਕ ਨਿਰਪੱਖ ਅਤੇ ਕੌਮੀ ਸਵੈ-ਸੇਵੀ ਸੰਸਥਾ ਹੈ ਜੋ ਨਿਆਂ ਅਤੇ ਇਮੀਗ੍ਰੇਸ਼ਨ, ਕੌਮੀਅਤਾ, ਅਤੇ ਸ਼ਰਨ ਲਈ ਕਾਨੂੰਨ ਅਤੇ ਨੀਤੀ ਵਿੱਚ ਨਸਲਵਾਦ ਦਾ ਮੁਕਾਬਲਾ ਕਰਨ ਲਈ ਮੁਹਿੰਮ ਚਲਾ ਰਹੀ ਹੈ। JCWI ਮੁਫ਼ਤ ਸਲਾਹ ਅਤੇ ਕੇਸਵਰਕ, ਸਿਖਲਾਈ ਕੋਰਸ ਅਤੇ ਪ੍ਰਕਾਸ਼ਨ ਮੁਹੱਈਆ ਕਰਵਾਉਂਦੀ ਹੈ।

115 Old Street
London EC1V 9RT

020 7251 8708
www.jcwi.org.uk

**ਰਿਫਿਊਜੀ ਐਕਸ਼ਨ**

ਰਿਫਿਊਜੀ ਐਕਸ਼ਨ ਇੱਕ ਨੈਸ਼ਨਲ ਚੈਰਿਟੀ ਹੈ ਜੋ ਸ਼ਰਨਾਰਥੀਆਂ ਨੂੰ ਯੂਕੇ ਵਿੱਚ ਨਵੀਂ ਜ਼ਿੰਦਗੀ ਬਣਾਉਣ ਦੇ ਸਮਰੱਥ ਬਣਾਉਂਦੀ ਹੈ। ਉਹ ਸਮੁਦਾਇਕ ਵਿਕਾਸ ਕੰਮਾਂ ਰਾਹੀਂ ਸ਼ਰਨ ਲਈ ਪਹੁੰਚੇ ਨਵੇਂ ਲੋਕਾਂ ਲਈ ਵਿਹਾਰਕ ਸਲਾਹ ਅਤੇ ਸਹਾਇਤਾ ਅਤੇ ਉਹਨਾਂ ਦੇ ਸਥਾਪਨ ਲਈ ਲੰਬੇ ਸਮੇਂ ਦੀ ਵਚਨਬੱਧਤਾ ਮੁਹੱਈਆ ਕਰਵਾਉਂਦੀ ਹੈ।

ਹੈਡ ਆਫ਼ਿਸ
The Old Fire Station
150 Waterloo Road
London SE1 8SB

020 7654 7700
www.refugeeaction.org.uk

**ਰਿਫਿਊਜੀ ਕਾਉਂਸਿਲ**

ਰਿਫਿਊਜੀ ਕਾਉਂਸਿਲ ਸਮੁੱਚੇ ਯੂਕੇ ਵਿੱਚ ਸ਼ਰਨ ਮੰਗਣ ਵਾਲਿਆਂ ਅਤੇ ਸ਼ਰਨਾਰਥੀਆਂ ਨਾਲ ਕੰਮ ਕਰਦੀ ਹੈ।

240 – 250 Ferndale Road
Brixton London SW8 8BB

020 7346 6700
www.refugeecouncil.org.uk
info@refugeecouncil.org.uk

ਵਨ ਸਟਾਪ ਸਰਵਿਸ ਦੀ ਸਲਾਹ ਲਾਈਨ ਲੋਕਾਂ ਅਤੇ ਸੰਸਥਾਵਾਂ ਨੂੰ ਬਹੁਤ ਸਾਰੇ ਵੱਖ-ਵੱਖ ਤਰ੍ਹਾਂ ਦੇ ਮੁੱਦਿਆਂ ਬਾਰੇ ਸਲਾਹ ਅਤੇ ਜਾਣਕਾਰੀ ਦਿੰਦੀ ਹੈ ਅਤੇ ਇਸ ਨੂੰ ਸ਼ਰਨ ਅਤੇ ਇਮੀਗ੍ਰੇਸ਼ਨ ਕੇਸਾਂ ਦਾ ਤਜਰਬਾ ਰੱਖਣ ਵਾਲੇ ਮਾਹਰਾਂ ਵੱਲੋਂ ਚਲਾਇਆ ਜਾਂਦਾ ਹੈ।

ਨਿਚੋੜ

**ਇਸ ਲੀਫਲੈਟ ਦੀਆਂ ਹੋਰ ਨਕਲਾਂ ਇਸ ਪਤੇ ਤੋਂ ਹਾਸਲ ਕੀਤੀਆਂ ਜਾ ਸਕਦੀਆਂ ਹਨ:**

CPS Communications Branch
50 Ludgate Hill
London EC4M 7EX

ਟੈਲੀਫ਼ੋਨ 020 7796 8442
ਫ਼ੈਕਸ 020 7796 8030
ਈਮੇਲ publicity.branch@cps.gsi.gov.uk

ਬਲੈਕਬਰਨਸ ਆਫ ਬੋਲਟਨ ਰਾਹੀਂ ਛਾਪਿਆ ਗਿਆ
ਟੈਲੀਫ਼ੋਨ 012040532121